ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 2 ਜੁਲਾਈ 2024 (ਨਾਨਕਸ਼ਾਹੀ ਸੰਮਤ : ੫੫੬, ੧੯ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਰਾਹੁਲ ਗਾਂਧੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੀ ਕੀਤੀ ਸੰਸਦ 'ਚ ਚਰਚਾ



**ਨਵੀਂ ਦਿੱਲੀ, 1 ਜੁਲਾਈ (ਆਵਾਜ਼ਿ ਕੌਮ ਬਿਊਰੋ)**-18ਵੀਂ ਲੋਕ ਸਭਾ ਦੇ ਗਠਨ ਤੋਂ ਬਾਅਦ ਸੰਸਦ ਦਾ ਪਹਿਲਾ ਸੈਸ਼ਨ ਚੱਲ ਰਿਹਾ ਹੈ। ਕਾਂਗਰਸ ਨੇਤਾ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਲੋਂ ਅੱਜ ਸੰਸਦ ਵਿਚ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਦਿਖਾਈ ਗਈ, ਜਿਸ ਤੋਂ ਬਾਅਦ ਉਹਨਾਂ ਨੇ ਗੁਰੂ ਜੀ ਦੀਆਂ ਉਦਾਸੀਆਂ ਦੀ ਚਰਚਾ ਕੀਤੀ। ਰਾਹੁਲ ਗਾਂਧੀ ਨੇ ਸੰਸਦ ਵਿਚ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵਿਚ ਵੀ ਅਭੈ ਮੁੱਦਰਾ ਵਿਖਾਈ ਦੇਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਡਰੋ ਨਾ, ਡਰਾਓ ਨਾ। ਰਾਹੁਲ ਗਾਂਧੀ ਨੇ ਸ੍ਰੀ ਗੁਰੂ ਨਾਨਕ ਦੇਵ ਦੀ ਦੀਆਂ ਯਾਤਰਾਵਾਂ (ਉਦਾਸੀਆਂ) ਦਾ ਸੰਸਦ ਵਿਚ ਜ਼ਿਕਰ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪੰਜਾਬ ਤੋਂ ਮਕਾ ਗਏ। ਫਿਰ ਉਹ ਥਾਈਲੈਂਡ ਤੱਕ ਗਏ, ਅਫ਼ਗਾਨੀਸਤਾਨ ਗਏ, ਸ਼੍ਰੀਲੰਕਾ ਗਏ। ਰਾਹੁਲ ਗਾਂਧੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੇ ਨਾਲ ਅਹਿੰਸਾ ਨਹੀਂ ਕੀਤੀ ਅਤੇ ਨਾ ਹੀ ਕਿਸੇ ਨਾਲ ਅਹਿੰਸਾ ਦੀ ਗੱਲਬਾਤ ਕੀਤੀ। ਉਹਨਾਂ ਨੇ ਹਮੇਸ਼ਾ ਸੱਚ ਦੀ ਗੱਲ ਕੀਤੀ ਹੈ। ਉਹਨਾਂ ਨੇ ਕਦੇ ਵੀ ਆਪਣੀ ਜ਼ਿੰਦਗੀ ਵਿਚ ਕਿਸੇ ਨੂੰ ਨਹੀਂ ਡਰਾਇਆ।

### ਸਿੱਖ ਵਕੀਲ ਨੇ ਅਮਰੀਕੀ ਉਪ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ, ਐਨ. ਐਸ. ਏ. ਨੂੰ ਦੱਸਿਆ ਗ਼ਲਤ

# ਅਮਰੀਕਾ 'ਚ ਉਠਿਆ ਅੰਮ੍ਰਿਤਪਾਲ ਸਿੰਘ ਦੀ ਸਹੁੰ ਦਾ ਮੁੱਦਾ

**ਚੰਡੀਗੜ੍ਹ, 1 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਸੀਟ ਤੋਂ ਲੋਕ ਸਭਾ ਚੋਣ ਜਿੱਤਣ ਵਾਲੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕ ਸਮਾਗਮ ਵਿੱਚ ਦੇਰੀ ਦਾ ਮਾਮਲਾ ਹੁਣ ਅਮਰੀਕਾ ਵਿੱਚ ਉੱਠਿਆ ਹੈ। ਅਮਰੀਕਾ ਦੇ ਪ੍ਰਸਿੱਧ ਸਿੱਖ ਵਕੀਲ ਜਸਪ੍ਰੀਤ ਸਿੰਘ ਨੇ ਇਸ ਮਾਮਲੇ ਵਿੱਚ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਮੁਲਾਕਾਤ ਕੀਤੀ। ਜਸਪ੍ਰੀਤ ਨੇ ਕਿਹਾ ਕਿ ਇਸ ਮੀਟਿੰਗ ਨੂੰ ਬਹੁਤ ਵਧੀਆ ਹੁੰਗਾਰਾ ਮਿਲਿਆ ਹੈ। ਉਨ੍ਹਾਂ ਆਸ ਪ੍ਰਗਟਾਈ ਹੈ ਕਿ ਜਲਦੀ ਹੀ ਕੋਈ ਹੱਲ ਕੱਢ ਲਿਆ ਜਾਵੇਗਾ। ਇਹ ਮੀਟਿੰਗ ਕੈਲੀਫੋਰਨੀਆ ਰਾਜ ਦੇ ਲਾਸ ਏਂਜਲਸ ਸ਼ਹਿਰ ਵਿੱਚ ਹੋਈ। ਮੀਟਿੰਗ ਕਰੀਬ ਇੱਕ ਘੰਟੇ ਤੱਕ ਚੱਲੀ। ਇਸ ਮੀਟਿੰਗ ਵਿੱਚ ਅੰਮ੍ਰਿਤਪਾਲ ਸਿੰਘ ਸਮੇਤ ਸਮੂਹ ਸਿੱਖਾਂ ਦੇ ਮੁੱਦੇ ਉਠਾਏ ਗਏ। ਜਸਪ੍ਰੀਤ ਸਿੰਘ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ 'ਤੇ ਬਿਲਕੁਲ ਗ਼ਲਤ ਤਰੀਕੇ ਨਾਲ ਐਨ.ਐਸ.ਏ. ਲਾਇਆ ਗਿਆ ਹੈ। ਇਹ ਪੂਰੀ ਤਰ੍ਹਾਂ ਗੈ਼ਰ-ਕਾਨੂੰਨੀ ਹੈ ਕਿਉਂਕਿ ਇਹ ਅੰਗਰੇਜ਼ਾਂ ਨੇ ਆਜ਼ਾਦੀ ਤੋਂ ਪਹਿਲਾਂ ਦੇ ਕਾਨੂੰਨਾਂ ਦੇ ਆਧਾਰ 'ਤੇ ਲਗਾਇਆ ਸੀ। ਸਿੱਖ ਵਕੀਲ ਜਸਪ੍ਰੀਤ ਸਿੰਘ ਨੇ ਕਮਲਾ ਹੈਰਿਸ ਨੂੰ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਭਾਰਤੀ ਲੋਕ ਸਭਾ ਚੋਣਾਂ ਵੀ ਜਿੱਤ ਚੁੱਕਾ ਹੈ ਪਰ ਭਾਰੀ ਬਹੁਮਤ ਨਾਲ ਜਿੱਤਣ ਤੋਂ ਬਾਅਦ ਉਸ 'ਤੇ ਲਗਾਏ ਗਏ ਐਨਐਸਏ ਦੀ ਮਿਆਦ ਇੱਕ ਸਾਲ ਲਈ ਵਧਾ ਦਿੱਤੀ ਗਈ ਸੀ। ਜ਼ਿਕਰ ਕਰ ਦਈਏ ਕਿ ਪਾਰਲੀਮੈਂਟ ਵਿੱਚ ਪੰਜਾਬ ਦੇ ਸੰਸਦ ਮੈਂਬਰਾਂ ਨੇ ਸਹੁੰ ਚੁੱਕ ਲਈ ਹੈ ਪਰ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਭਾਈ ਅੰਮ੍ਰਿਤਪਾਲ ਸਿੰਘ ਸਹੁੰ ਨਹੀਂ ਚੁੱਕ ਸਕੇ। ਅਹਿਮ ਗੱਲ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਸਹੁੰ ਚੁੱਕਣ ਲਈ ਆਵਾਜ਼ ਮਾਰੀ ਗਈ ਪਰ ਉਹ ਨਹੀਂ ਪਹੁੰਚ ਸਕੇ ਕਿਉਂਕਿ ਉਹ ਜੇਲ੍ਹ ਵਿੱਚ ਬੰਦ ਹਨ ਦਰਅਸਲ ਭਾਈ ਅੰਮ੍ਰਿਤਪਾਲ ਸਿੰਘ ਦੀ ਗੱਲ ਕਰੀਏ ਤਾਂ ਉਹ ਮਾਰਚ 2023 ਤੋਂ ਐਨਐਸਏ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਯਾਦ ਰਹੇ ਐਨ. ਐਸ. ਏ. ਇੱਕ ਸਖਤ ਕਾਨੂੰਨ ਹੈ ਜੋ ਸਰਕਾਰ ਨੂੰ ਰਸਮੀ ਦੋਸ਼ਾਂ ਤੋਂ ਬਿਨਾਂ ਹੀ ਵਿਅਕਤੀਆਂ ਨੂੰ 12 ਮਹੀਨਿਆਂ ਤੱਕ ਨਜ਼ਰਬੰਦ ਕਰਨ ਦੀ ਇਜਾਜ਼ਤ ਦਿੰਦਾ ਹੈ ਪਰ ਹੁਣ ਅੰਮ੍ਰਿਤਪਾਲ ਸਿੰਘ ਨੂੰ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਤੇ ਸਰਕਾਰ ਦੂਜੀ ਵਾਰ ਐਨਐਸਏ ਵਿੱਚ ਵਾਧਾ ਕਰ ਚੁੱਕੀ ਹੈ।



## ਜੇਲ੍ਹ ਤੋਂ ਬਾਹਰ ਆਉਣਗੇ ਅੰਮ੍ਰਿਤਪਾਲ ਸਿੰਘ ! ਚੁੱਕਣਗੇ ਸਹੁੰ

**ਚੰਡੀਗੜ੍ਹ, 1 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਖ਼ਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਜਿੱਤ ਹਾਸਲ ਕਰਕੇ ਸੰਸਦ ਪਹੁੰਚੇ ਅੰਮ੍ਰਿਤਪਾਲ ਸਿੰਘ ਬਤੌਰ ਐੱਮ. ਪੀ. ਜਲਦ ਹੀ ਸਹੁੰ ਚੁੱਕਣ ਜਾ ਰਹੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ 'ਤੇ ਬਾਹਰ ਲਿਆਂਦਾ ਜਾ ਸਕਦਾ ਹੈ ਜਿਸ ਦੌਰਾਨ ਉਹ ਆਪਣੇ ਅਹੁਦੇ ਦੀ ਸਹੁੰ ਚੁੱਕਣਗੇ। ਹਾਲਾਂਕਿ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਪੈਰੋਲ ਕਿੰਨੇ ਦਿਨ ਦੀ ਹੋਵੇਗੀ ਅਤੇ ਕਦੋਂ ਹੋਵੇਗੀ ਪਰ ਇਹ ਗੱਲ ਤਾਂ ਸਾਫ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਜੇਕਰ ਸਹੁੰ ਚੁੱਕਦੇ ਹਨ ਤਾਂ ਬਤੌਰ ਐਮ. ਪੀ. ਖ਼ਡੂਰ ਸਾਹਿਬ ਦੀ ਨੁਮਾਇੰਦਗੀ ਕਰ ਪਾਉਣਗੇ। ਇਸ ਵਿਚਾਲੇ ਇਹ ਵੀ ਚਰਚਾ ਚੱਲ ਰਹੀ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਵੀ ਸਹੁੰ ਚੁਕਾਈ ਜਾ ਸਕਦੀ ਹੈ ਪਰ ਦੇਸ਼ ਦੇ ਇਤਿਹਾਸ ਵਿਚ ਅਜੇ ਤਕ ਅਜਿਹਾ ਕਦੇ ਨਹੀਂ ਹੋਇਆ ਜਦੋਂ ਕਿਸੇ ਐੱਮ. ਪੀ. ਚੁਣੇ ਗਏ ਨੁਮਾਇੰਦੇ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸਹੁੰ ਚੁਕਾਈ ਗਈ ਹੋਵੇ। ਹਾਲਾਂਕਿ ਇਕ ਵੈੱਬ ਪੋਰਟਲ ਉਪਰ ਖੁਦ ਨੂੰ ਅੰਮ੍ਰਿਤਪਾਲ ਸਿੰਘ ਦਾ ਵਕੀਲ ਦੱਸਣ ਵਾਲੇ ਵਿਅਕਤੀ ਨੇ ਦਾਅਵਾ ਕੀਤਾ ਹੈ ਕਿ ਫਿਲਹਾਲ ਅਜਿਹੀ ਕੋਈ ਵੀ ਖ਼ਬਰ ਨਹੀਂ ਹੈ। ਨਾ ਤਾਂ ਅੰਮ੍ਰਿਤਪਾਲ ਨੂੰ ਪੈਰੋਲ ਲਈ ਮਨਜ਼ੂਰੀ ਮਿਲੀ ਹੈ ਅਤੇ ਨਾ ਹੀ ਸਹੁੰ ਚੁੱਕਣ ਲਈ।

**ਸੰਤ ਸੀਚੇਵਾਲ ਨੇ ਵਿਦੇਸ਼ ਮੰਤਰੀ ਜੈ ਸ਼ੰਕਰ ਨਾਲ ਕੀਤੀ ਮੁਲਾਕਾਤ, ਵਿਦੇਸ਼ਾਂ 'ਚ ਫਸੇ ਨੌਜਵਾਨਾਂ ਦੇ ਮਸਲੇ ਚੁੱਕੇ :** ਵਿਦੇਸ਼ਾਂ ਵਿੱਚ ਫਸੇ ਭਾਰਤੀਆਂ ਨੂੰ ਬਚਾਉਣ ਲਈ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵਿਦੇਸ਼ ਮੰਤਰੀ ਜੈ ਸ਼ੰਕਰ ਨਾਲ ਮੁਲਾਕਾਤ ਕੀਤੀ। ਪਾਰਲੀਮੈਂਟ ਦੇ ਚੱਲ ਰਹੇ ਸੈਸ਼ਨ ਦੌਰਾਨ ਸੰਤ ਸੀਚੇਵਾਲ ਨੇ ਵਿਦੇਸ਼ ਮੰਤਰੀ ਜੈ ਸ਼ੰਕਰ ਨੂੰ ਵੱਖ-ਵੱਖ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਬਾਰੇ ਪੱਤਰ ਸੌਂਪੇ। ਸੰਤ ਸੀਚੇਵਾਲ ਨੇ ਦੱਸਿਆ ਕਿ ਵਿਦੇਸ਼ ਮੰਤਰੀ ਨੇ ਬਹੁਤ ਹੀ ਧਿਆਨ ਨਾਲ ਉਨ੍ਹਾਂ ਵੱਲੋਂ ਚੁੱਕੇ ਮੁੱਦਿਆਂ ਨੂੰ ਸੁਣਿਆ ਅਤੇ ਭਰੋਸਾ ਦਿੱਤਾ ਕਿ ਵਿਦੇਸ਼ ਮੰਤਰਾਲਾ ਇੰਨ੍ਹਾਂ ਭਾਰਤੀਆਂ ਨੂੰ ਉਥੋਂ ਸੁਰੱਖਿਅਤ ਕੱਢਣ ਲਈ ਯਤਨਸ਼ੀਲ ਹੈ ਅਤੇ ਯੋਗ ਕਾਰਵਾਈ ਕਰ ਰਿਹਾ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਟ੍ਰੈਵਲ ਏਜੰਟਾਂ ਦੇ ਹੱਥੇ ਚੜ੍ਹ ਕੇ ਕਈ ਨੌਜਵਾਨ ਵਿਦੇਸ਼ਾਂ ਵਿੱਚ ਫਸੇ ਹੋਏ ਹਨ ।ਉਨ੍ਹਾਂ ਦੱਸਿਆ ਕਿ ਵਿਦੇਸ਼ ਮੰਤਰੀ ਨੂੰ ਜਿਹੜੇ ਪੱਤਰ ਦਿੱਤੇ ਉਨ੍ਹਾਂ ਵਿੱਚ ਆਰਮੀਨੀਆ ਵਿੱਚ ਦੀ ਜੇਲ੍ਹ ਵਿੱਚ ਫਸੇ 12 ਭਾਰਤੀਆਂ ਬਾਰੇ ਸੀ ਜਿਸ ਵਿੱਚ ਬਹੁਤੇ ਪੰਜਾਬੀ ਮੁੰਡੇ ਹਨ ।ਇਸੇ ਤਰ੍ਹਾਂ ਰੂਸ ਦੀ ਫ਼ੌਜ ਵਿੱਚ ਜਬਰੀ ਭਰਤੀ ਕੀਤੇ ਨੌਜਵਾਨਾਂ ਬਾਰੇ ਵੀ ਦੱਸਿਆ।

### ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਪੇਸ਼ ਸ਼੍ਰੋਮਣੀ ਅਕਾਲੀ ਦਲ 'ਚ ਭੂਚਾਲ

# ਲੀਡਰਾਂ ਨੇ ਸੁਖਬੀਰ ਬਾਦਲ ਦੀਆਂ ਚਾਰ ਗਲਤੀਆਂ ਕਬੂਲੀਆਂ

**• ਡੇਰਾ ਸਿਰਸਾ ਖਿਲਾਫ ਸ਼ਿਕਾਇਤ ਵਾਪਸ ਲੈ ਲਈ • ਸੁਖਬੀਰ ਬਾਦਲ ਨੇ ਡੇਰਾ ਮੁਖੀ ਨੂੰ ਮੁਆਫੀ ਦਿੱਤੀ**

**ਸ੍ਰੀ ਅੰਮ੍ਰਿਤਸਰ ਸਾਹਿਬ, 1 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ 'ਚ ਭੂਚਾਲ ਆ ਗਿਆ ਹੈ। ਅਕਾਲੀ ਦਲ ਦਾ ਵੱਡਾ ਧੜਾ ਪ੍ਰਧਾਨ ਸੁਖਬੀਰ ਬਾਦਲ ਖਿਲਾਫ ਬਗਾਵਤ ਦਾ ਝੰਡਾ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਗਿਆ। ਅਕਾਲੀ ਲੀਡਰਾਂ ਨੇ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਕੇ ਖੁਦ ਖਿਮਾ ਜਾਚਣਾ ਕੀਤੀ, ਉੱਥੇ ਹੀ ਆਪਣੀ ਪੁਰਾਣੀ ਸਰਕਾਰ ਤੇ ਪ੍ਰਧਾਨ ਸੁਖਬੀਰ ਬਾਦਲ ਬਾਰੇ ਵੱਡੇ ਖੁਲਾਸੇ ਕੀਤੇ। ਦਰਅਸਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬੇਟੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਖਿਲਾਫ ਪੰਜਾਬ 'ਚ ਵੱਡੀ ਬਗਾਵਤ ਹੋ ਗਈ ਹੈ। ਅਕਾਲੀ ਦਲ ਦਾ ਇੱਕ ਧੜਾ ਸੋਮਵਾਰ ਨੂੰ ਅੰਮ੍ਰਿਤਸਰ ਸਥਿਤ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਗਿਆ। ਇੱਥੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਏ ਤੇ ਮੁਆਫ਼ੀ ਮੰਗ ਲਈ। ਅਕਾਲੀ ਲੀਡਰਾਂ ਨੇ ਸੁਖਬੀਰ ਬਾਦਲ ਦੀਆਂ ਚਾਰ ਗਲਤੀਆਂ ਲਈ ਮੁਆਫੀ ਮੰਗੀ ਹੈ ਜਿਸ ਵਿੱਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣਾ ਵੀ ਸ਼ਾਮਲ ਹੈ। ਅਕਾਲੀ ਲੀਡਰਾਂ ਵੱਲੋਂ 2015 ਵਿੱਚ ਫਰੀਦਕੋਟ ਦੇ ਬਰਗਾੜੀ ਵਿੱਚ ਹੋਈ ਬੇਅਦਬੀ ਦੀ ਘਟਨਾ ਦੀ ਸਹੀ ਢੰਗ ਨਾਲ ਜਾਂਚ ਨਾ ਕਰਨ ਲਈ ਵੀ ਮੁਆਫੀ ਮੰਗੀ ਗਈ ਹੈ। ਇਨ੍ਹਾਂ ਲੀਡਰਾਂ ਨੇ ਆਈਪੀਐਸ ਅਧਿਕਾਰੀ ਸੁਮੇਧ ਸੈਣੀ ਨੂੰ ਡੀਜੀਪੀ ਬਣਾਉਣਾ ਤੇ ਮੁਹੰਮਦ ਇਜ਼ਹਾਰ ਆਲਮ ਦੀ ਪਤਨੀ ਨੂੰ ਟਿਕਟ ਦੇਣਾ ਵੀ ਗਲਤੀ ਮੰਨਿਆ ਹੈ। ਇਸ ਦੌਰਾਨ ਅਕਾਲੀ ਦਲ ਦੇ ਬਾਗੀ ਧੜੇ ਨੇ ਤਲਵੰਡੀ ਸਾਬੋ ਸਥਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਵੀ ਮੁਲਾਕਾਤ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਦੋਵਾਂ ਧਿਰਾਂ ਨੂੰ ਬੈਠਾ ਕੇ ਕੋਈ ਹੱਲ ਕੱਢਣ ਲਈ ਕਿਹਾ ਹੈ। ਬਾਗੀ ਧੜੇ ਵੱਲੋਂ ਉਨ੍ਹਾਂ ਨੂੰ ਪ੍ਰਧਾਨ ਬਣਾਉਣ ਦੀ ਮੰਗ ਬਾਰੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪ੍ਰਧਾਨ ਬਣਾਉਣ ਲਈ ਕਿਸੇ ਨੇ ਵੀ ਪਹੁੰਚ ਨਹੀਂ ਕੀਤੀ। ਜੇਕਰ ਸਮੁੱਚੀ ਪਾਰਟੀ ਉਨ੍ਹਾਂ ਨੂੰ ਇਸ ਅਹੁਦੇ ਲਈ ਚੁਣਦੀ ਹੈ ਤਾਂ ਉਹ ਇਸ 'ਤੇ ਵਿਚਾਰ ਕਰਨਗੇ। ਨਹੀਂ ਤਾਂ ਉਹ ਧੜੇਬੰਦੀ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ। ਉਧਰ, ਇੱਕ ਪਾਸੇ ਅਕਾਲੀ ਦਲ ਵਿੱਚ ਬਗਾਵਤ ਤੇਜ਼ ਹੁੰਦੀ ਜਾ ਰਹੀ ਹੈ ਤੇ ਦੂਜੇ ਪਾਸੇ ਸੁਖਬੀਰ ਬਾਦਲ ਵੀ ਆਪਣੇ ਧੜੇ ਨੂੰ ਮਜ਼ਬੂਤ ਕਰਨ ਵਿੱਚ ਜੁਟੇ ਹੋਏ ਹਨ। ਇਸ ਸਮੇਂ ਪਾਰਟੀ ਦੇ ਮੌਜੂਦਾ 35 ਜ਼ਿਲ੍ਹਾ ਪ੍ਰਧਾਨਾਂ ਵਿੱਚੋਂ 33 ਤੇ ਮੌਜੂਦਾ 105 ਹਲਕਾ ਇੰਚਾਰਜਾਂ ਵਿੱਚੋਂ 96 ਸੁਖਬੀਰ ਸਿੰਘ ਬਾਦਲ ਦੇ ਨਾਲ ਖੜ੍ਹੇ ਹਨ।



ਬਾਗੀ ਧੜੇ ਨੇ ਅਕਾਲ ਤਖ਼ਤ ਨੂੰ ਸੌਂਪੇ ਮੁਆਫ਼ੀਨਾਮੇ 'ਚ 4 ਗਲਤੀਆਂ ਮੰਨੀਆਂ...

**1. ਡੇਰਾ ਸਿਰਸਾ ਖਿਲਾਫ ਸ਼ਿਕਾਇਤ ਵਾਪਸ ਲੈ ਲਈ :** 2007 ਵਿੱਚ ਸਲਾਬਤਪੁਰਾ ਵਿੱਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ ਦੀ ਨਕਲ ਕਰਦੇ ਹੋਏ ਉਹੋ ਜਿਹਾ ਬਾਣਾ ਪਹਿਨ ਕੇ ਅੰਮ੍ਰਿਤ ਛਕਣ ਦਾ ਬਹਾਨਾ ਲਾਇਆ ਸੀ। ਉਸ ਸਮੇਂ ਉਸ ਖ਼ਿਲਾਫ਼ ਪੁਲਿਸ ਕੇਸ ਵੀ ਦਰਜ ਕੀਤਾ ਗਿਆ ਪਰ ਬਾਅਦ ਵਿੱਚ ਅਕਾਲੀ ਸਰਕਾਰ ਨੇ ਸਜ਼ਾ ਦੇਣ ਦੀ ਬਜਾਏ ਕੇਸ ਵਾਪਸ ਲੈ ਲਿਆ।

ਸਿੰਘ ਸਾਹਿਬ ਨੂੰ ਸੌਂਪੀ ਗਈ ਚਿੱਠੀ ਪੰਨਾ ਨੰ. 17-18-19 'ਤੇ ਪੜ੍ਹੋ


**2. ਸੁਖਬੀਰ ਬਾਦਲ ਨੇ ਡੇਰਾ ਮੁਖੀ ਨੂੰ ਮੁਆਫੀ ਦਿੱਤੀ :** ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਾਰਵਾਈ ਕਰਦਿਆਂ ਡੇਰਾ ਮੁਖੀ ਨੂੰ ਸਿੱਖ ਪੰਥ ਵਿੱਚੋਂ ਛੇਕ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਉਣ ਲਈ ਆਪਣਾ ਪ੍ਰਭਾਵ ਵਰਤਿਆ। ਇਸ ਤੋਂ ਬਾਅਦ ਸਿੱਖ ਪੰਥ ਦੇ ਰੋਹ ਤੇ ਰੋਸ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਨੂੰ ਇਸ ਫੈਸਲੇ ਤੋਂ ਪਿੱਛੇ ਹਟਣਾ ਪਿਆ।

**3. ਬੇਅਦਬੀ ਦੀਆਂ ਘਟਨਾਵਾਂ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ :** 1 ਜੂਨ, 2015 ਨੂੰ ਬੁਰਜ ਜਵਾਹਰ ਸਿੰਘ ਵਾਲਾ (ਫਰੀਦਕੋਟ) ਦੇ ਗੁਰਦੁਆਰਾ ਸਾਹਿਬ ਤੋਂ ਕੁਝ ਅਨਸਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਚੋਰੀ ਕਰ ਲਈ। ਫਿਰ 12 ਅਕਤੂਬਰ, 2015 ਨੂੰ ਬਰਗਾੜੀ (ਫਰੀਦਕੋਟ) ਦੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 110 ਅੰਗ ਚੋਰੀ ਕਰਕੇ ਬਾਹਰ ਸੁੱਟ ਦਿੱਤੇ ਗਏ। ਇਸ ਕਾਰਨ ਸਿੱਖ ਕੌਮ ਵਿੱਚ ਭਾਰੀ ਰੋਸ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਤੇ ਤਤਕਾਲੀ ਗ੍ਰਿਹ ਮੰਤਰੀ ਸੁਖਬੀਰ ਬਾਦਲ ਨੇ ਸਮੇਂ ਸਿਰ ਇਸ ਮਾਮਲੇ ਦੀ ਜਾਂਚ ਨਹੀਂ ਕੀਤੀ। ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਕਾਮਯਾਬ ਨਹੀਂ ਹੋ ਸਕੇ। ਇਸ ਨਾਲ ਪੰਜਾਬ ਦੇ ਹਾਲਾਤ ਵਿਗੜ ਗਏ ਤੇ ਕੋਟਕਪੂਰਾ ਤੇ ਬਹਿਬਲ ਕਲਾਂ ਵਿੱਚ ਦੁਖਦਾਈ ਘਟਨਾਵਾਂ ਵਾਪਰੀਆਂ।

**4. ਝੂਠੇ ਕੇਸਾਂ ਵਿੱਚ ਮਾਰੇ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕੇ**

ਅਕਾਲੀ ਸਰਕਾਰ ਨੇ ਸੁਮੇਧ ਸੈਣੀ ਨੂੰ ਪੰਜਾਬ ਦਾ ਡੀਜੀਪੀ ਨਿਯੁਕਤ ਕੀਤਾ। ਉਹ ਸੂਬੇ ਵਿੱਚ ਝੂਠੇ ਪੁਲਿਸ ਮੁਕਾਬਲੇ ਕਰਵਾ ਕੇ ਸਿੱਖ ਨੌਜਵਾਨਾਂ ਨੂੰ ਮਾਰਨ ਲਈ ਜਾਣਿਆ ਜਾਂਦਾ ਸੀ। ਆਲਮ ਸੈਨਾ ਬਣਾਉਣ ਵਾਲੇ ਪੁਲਿਸ ਮੁਲਾਜ਼ਮ ਇਜ਼ਹਾਰ ਆਲਮ ਨੇ ਆਪਣੀ ਪਤਨੀ ਨੂੰ ਟਿਕਟ ਦੇ ਕੇ ਮੁੱਖ ਸੰਸਦੀ ਸਕੱਤਰ ਬਣਾ ਦਿੱਤਾ।

2012 ਵਿੱਚ ਬਣੀ ਅਕਾਲੀ ਦਲ ਦੀ ਸਰਕਾਰ ਤੇ ਪਿਛਲੀਆਂ ਅਕਾਲੀ ਸਰਕਾਰਾਂ ਵੀ ਸੂਬੇ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਦੀ ਨਿਰਪੱਖ ਜਾਂਚ ਕਰਨ ਤੇ ਪੀੜਤਾਂ ਨੂੰ ਰਾਹਤ ਦੇਣ ਲਈ ਕਮਿਸ਼ਨ ਬਣਾ ਕੇ ਲੋਕਾਂ ਨਾਲ ਕੀਤੇ ਆਪਣੇ ਵਾਅਦਿਆਂ ਵਿੱਚ ਨਾਕਾਮ ਰਹੀਆਂ।


Nankana Sahib Yatra Committe Uk
pakistan gurdwara yatra
6th november to 16th november 2024
yatra includes 25+ gurudwara sahib
darshan .Accommodation in hotels
and travel within pakistan and yatra
start to finish point in AC coaches
ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223







ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ







ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

**Important Note:** The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

**ਜ਼ਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ ਕੌਮ AWAZE QAUM International Newspaper & WEB TV
CALL US TO BOOK YOUR CSCS LEVEL ONE COURSE.
07715 1-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






www.khalsaforge.com


ਸ੍ਰੀ ਅਕਾਲ ਤਖਤ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਉੱਤੇ ਹਿੰਦੁਸਤਾਨੀ ਹਕੂਮਤ ਵਲੋ ੪੦
ਸਾਲ ਪਹਿਲਾਂ ਹੋਏ ਹਮਲੇ ਅਤੇ ਜੂਨ ੧੯੮੪ ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ
ਸ਼ਹੀਦੀ ਸਮਾਗਮ
ਗੁਰੂ ਨਾਨਕ ਗੁਰਦੁਆਰਾ ਵੁਲਵਰਹੈਂਪਟਨ
(ਸੈਜਲੀ ਸਟਰੀਟ), WV2 3AJ ਵਿਖੇ
ਸਨਿਚਰਵਾਰ ੬ ਜੁਲਾਈ ਅਤੇ ਐਤਵਾਰ ੭ ਜੁਲਾਈ ੨੦੨੪ ਨੂੰ
ਸ਼ਹੀਦੀ ਸਮਾਗਮ ਰੱਖੇ ਗਏ ਨੇ।
ਸਨਿਚਰਵਾਰ ੫ ਵਜੇ ਤੋਂ ੮:੩੦ ਵਜੇ ਤਕ (ਹਾਲ ੪)
ਐਤਵਾਰ ੧੧:੩੦ ਵਜੇ ਤੋਂ ੪ ਵਜੇ ਤਕ (ਮੇਨ ਹਾਲ)
ਵਲੋਂ: ਦਮਦਮੀ ਟਕਸਾਲ ਜਥਾ ਯੂਕੇ ਅਤੇ ਯੂਰਪ ਅਤੇ ਸਮੂਹ ਸਾਧ ਸੰਗਤ
ORGANISED BY: DAMDAMI TAKSAL UK & EUROPE AND SADH SANGAT
SHAHEEDI
SMAGAM
IN REMEMBRANCE OF THE SHAHEEDS OF 1984
GURU NANAK GURDWARA | 191 DUNCAN ST, WOLVERHAMPTON WV2 3AJ
GIANI SATNAM SINGH JI DAMDAMI TAKSAL
GIANI NAVDEEP SINGH JI AJNALA
GIANI SUKHRAJ SINGH JI DAMDAMI TAKSAL
BHAI AMANDEEP SINGH JI SRI DARBAR SAHIB
BHAI MAHADEEP SINGH JI SRI DARBAR SAHIB
DHADI JATHA GIANI TARLOCHAN SINGH BHAMADI
BHAI BALDEV SINGH JI DAMDAMI TAKSAL
BHAI GURJEET SINGH JI DAMDAMI TAKSAL
BHAI SUKHJINDER SINGH
BHAI HARI SINGH JI
GIANI GURJINDER SINGH JI DAMDAMI TAKSAL
GIANI BALBIR SINGH DAMDAMI TAKSAL
DHADI RASAAL SINGH CHOLA SAHIB
SATURDAY 6TH (HALL 4)
5PM-8:30PM
SUNDAY 7TH (MAIN HALL)
11:30AM-4PM
AT GNG SEDGLEY STREET
BHAI HARJINDER SINGH JI 07956 007 161 | GIANI GURJINDER SINGH JI 07400 830 403
BHAI GURJIT SINGH JI 07508 943 570 | BHAI BHERVINDER SINGH JI 07985 246 484
DAMDAMI TAKSAL JATHA (UK & EUROPE)
SIKH INSPIRE
40
1984
ਸਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਕਾਰਜਕਾਰੀ ਮੁਖੀ ਦਮਦਮੀ ਟਕਸਾਲ
ਦੇ ਅਸ਼ੀਰਵਾਰ ਸਦਕਾ
ਆਵਾਜ਼ਿ ਕੌਮ
AWAZE QAUM
International Newspaper & WEB TV




# ਯੂ.ਕੇ. ਦੀਆਂ ਚੋਣਾਂ ਵਿੱਚ “ਰੀਫਾਰਮ ਪਾਰਟੀ“ਦੀ ਨਸਲੀ ਵਿਤਕਰੇ ਆਧਾਰ ਖ਼ਤਰਨਾਕ ਸੋਚ



**ਪਰਮਿੰਦਰ ਸਿੰਘ ਬੱਲ**
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com


**ਲੋਕ** ਤੰਤਰ ਰਾਜ ਸੱਤਾ ਢਾਂਚਾ ਸੰਸਾਰ ਵਿੱਚ ਇੱਕ ਸਹੀ ਤੇ ਬਹੁ ਪੱਖੀ ਸੋਚ ਆਧਾਰਤ ਇੱਕ ਦਰੁਸਤ ਗਿਣਿਆ ਗਿਆ ਹੈ । ਪਰ ਜੇ ਕਿਧਰੇ ਬਹੁ ਪੱਖੀ ਵੋਟ ਗਿਣਤੀ ਦਾ ਆਸਰਾ ਲੈ ਕੇ ਅਜਿਹੇ ਢਾਂਚੇ ਦੀ ਦੁਰਵਰਤੋਂ ਹੋਵੇ , ਤਦ ਇਹ ਤਾਨਾਸ਼ਾਹੀ , ਡਿਕਟੇਟਰਾਂ ਨਾਲੋਂ ਵੱਧ ਖਤਰਨਾਕ ਬਣ ਸਕਦਾ ਹੈ । ਹਿਟਲਰ ਨੇ ਅਜਿਹਾ ਹੀ ਰਸਤਾ ਅਪਨਾਇਆ ਸੀ ਕਿ ਲੋਕ ਤੰਤਰ ਦੀ ਬਹੁਮਤ ਨੂੰ ਆਪਣੀ ਢਾਲ ਬਣਾ ਕੇ ਜਹੂਦੀਆਂ ਦੀ ਨਸਲ ਕੁਸ਼ੀ ਕਰਨ ਦਾ ਰਾਹ ਅਪਣਾਇਆ । ਜਦ ਤੱਕ ਸੰਸਾਰ ਦੇ ਦੇਸ਼ਾਂ ਨੂੰ ਇਸ ਪੱਧਰ ਦੇ ਇਨਸਾਨੀ ਘਾਣ ਹੋਣ ਦਾ ਪਤਾ ਲੱਗਾ , ਤਦ ਤੱਕ ਬਹੁਤ ਦੇਰ ਹੋ ਚੁੱਕੀ ਸੀ ਅਜਿਹੀ ਹੀ ਸਥਿਤੀ ਦੀ ਨਸਲੀ ਨਫ਼ਰਤ ਭਰੇ ਵਤੀਰੇ ਦੀਆਂ ਗਲਾਂ “ਰੀਫਾਰਮ ਪਾਰਟੀ“ ਕਰ ਰਹੀ ਹੈ । ਇਸ ਪਾਰਟੀ ਨੇ ਭਾਵੇਂ ਕਿਸੇ ਲੁਕਵੇ ਕਾਰਨ ਰਾਹੀ ਸਿੱਧਾ ਨਿਸ਼ਾਨਾ ਮੁਸਲਮਾਨ ਭਾਈਚਾਰੇ ਤੇ ਆਰੰਭਿਆ ਹੈ , ਪਰੰਤੂ ਇਸ ਪਾਰਟੀ ਦੀ ਨੀਅਤ ਬਹੁਤ ਖਤਰਨਾਕ ਹੈ ਤੇ ਸਮੁੱਚੇ ਇਮੀਗਰਾਂਟਸ ਭਾਈਚਾਰੇ ਨੂ ਨਿਸ਼ਾਨਾ ਬਣਾਉਣ ਤੇ ਆਧਾਰਤ ਹੈ । ਸੰਸਾਰ ਭਰ ਵਿੱਚੋਂ ਸਮੁੰਦਰੀ ਕਿਸ਼ਤੀਆਂ ਰਾਹੀ ਇੰਗਲੈਂਡ ਵਿੱਚ ਦਾਖਲ ਹੋ ਰਹੇ ਇਨਸਾਨਾਂ(ਲੋਕਾਂ ) ਬਾਰੇ ਇਸ ਪਾਰਟੀ ਦੇ ਕੁਝ ਕਥਿਤ ਵਾਲੰਟੀਅਰਾਂ , ਜ਼ਿੰਮੇਵਾਰਾਂ ਨੇ ਇਹ ਬੋਲੀ ਬੋਲੀ ਕਿ ਜੇ ਸੱਤਾ ਵਿੱਚ ਆਏ ਤਾਂ ਆਰਮੀ ਨੂੰ ਕਹਾਂਗੇ ਕਿ ਜੋ ਸਾਡੇ ਸਮੁੰਦਰੀ ਤੱਟਾਂ ਤੇ ਜੋ ਲੋਕ ਆਉਣਗੇ , ਉਹਨਾਂ ਨੂੰ ਗੋਲੀ ਮਾਰ ਦਿੱਤੀ ਜਾਵੇ ।ਮਸਜਿਦਾਂ (ਧਾਰਮਿਕ ਅਦਾਰਿਆਂ ) ਬਾਰੇ ਕਿਹਾ ਕਿਹਾ ਕਿ ਇਹਨਾਂ ਨੂੰ ਬੰਦ ਕਰਕੇ , ਇੱਥੇ ਵੈਦਰਸਪੂਨ (ਰੈਸਟੋਰੈਟ ) ਖੋਲਾਂਗੇ ।ਮੁਸਲਮਾਨਾਂ ਬਾਰੇ ਨਾਮ ਲੈ ਕੇ ਕਲਟ ਕਿਹਾ ਤੇ ਗਾਲੀ ਗਲੋਚ ਵਾਲੀ ਭਾਸ਼ਾ ਵਰਤੀ ਹੈ । ਇਹ ਸਾਰੀ ਗਾਥਾ ਕਿਸੇ ਢੰਗ ਰਾਹੀ ਰੀਕਾਰਡਿੰਗ ਰਿਪੋਰਟ ਨੂੰ ਬੀ ਬੀ ਸੀ ਨੇ ਕੁਝ ਦਿਨ ਪਹਿਲਾਂ ਦਿਖਾਇਆ ਤੇ ਦੱਸਿਆ










ਕਿ “ਰੀਫਾਰਮ ਪਾਰਟੀ” ਬਹੁਤ ਗੈਰ ਵਾਜਵ ਤੇ ਨਸਲੀ ਵਿਤਕਰੇ ਆਧਾਰ ਪਰਾਪੇਗੰਡਾ ਕਰ ਰਹੀ ਹੈ । ਇਸ ਨੂੰ ਟੋਰੀ ਪਾਰਟੀ ਦੇ ਆਗੂ ਤੇ ਯੂ ਕੇ ਦੇ ਪ੍ਰਧਾਨ ਮੰਤਰੀ ਨੇ ਖਤਰਨਾਕ , ਜ਼ਿਹਰੀਲਾ ਕਹਿ ਕੇ ਨਿੰਦਨ ਯੋਗ ਕਿਹਾ ਹੈ ।ਵਰਨਣਯੋਗ ਇਹ ਵੀ ਹੈ ਕਿ “ਰੀਫਾਰਮ ਪਾਰਟੀ“ ਦੀ ਬਣਤਰ ਵੀ ਅਜੇ ਕੁਝ ਹੀ ਸਮਾਂ ਪਹਿਲਾ “ਟੋਰੀ ਪਾਰਟੀ“ ਦੀ ਟੁੱਟ ਭੱਜ ਵਿੱਚੋਂ ਹੀ ਹੋਈ ਹੈ । ਇਸ ਟੁਟ -ਭੱਜ ਨੇ ਆਪਣਾ ਨੇਤਾ ਵੀ , ਪਾਰਟੀ ਤੋਂ ਬਾਹਰੀ ਬੰਦੇ ਮਿਸਟਰ ਨਾਈਜਲ ਫਰਾਜ ਨੂੰ ਚੁਣਿਆ ਹੈ । ਜਦ ਬੀਬੀਸੀ ਨੇ ਇਸ ਨੇਤਾ ਤੇ ਨਸਲੀ ਵਿਤਕਰੇ ਦੀ ਉਂਗਲ ਧਰੀ ਤਦ ਉਸ ਨੇ ਝੱਟ ਪੱਟ ਇਸ ਨੂੰ ਨਿੰਦਿਆ ਤੇ ਪੱਲਾ ਝਾੜਿਆ । ਪਰ ਇਹ ਸਪਸ਼ਟ ਕੀਤਾ ਕਿ ਅਜਿਹੀ ਘਿਰਣਾ ਵਾਲੀ ਬੋਲੀ ਤੇ ਲੋਕ ਚੋਣ ਪ੍ਰਚਾਰ ਵਿੱਚੋਂ ਹਟਾ ਦਿੱਤੇ ਗਏ ਹਨ । ਪਰ ਜੋ ਨਫ਼ਰਤ ਦਾ ਤੀਰ , ਕਮਾਨ ਵਿੱਚੋਂ ਨਿਕਲ ਕੇ ਹਵਾਈ ਫਾਇਰ ਬਣ ਚੁੱਕਾ ਹੈ , ਉਸ ਤੋਂ ਪਾਰਟੀ ਕਿਵੇਂ ਪਿੱਛਾ ਛੁਡਾ ਸਕੇਗੀ । ਇਸ ਪਾਰਟੀ ਦੀ “ਇਨਸਾਨੀ ਕਦਰਾਂ“ ਦਾ ਘਾਣ ਕਰਨ ਵਾਲੀ ਨਫ਼ਰਤ ਭਰੀ ਨੀਤੀ ਜੱਗ ਜ਼ਾਹਰ ਹਿ ਚੁੱਕੀ ਹੈ । ਇਹ ਸਿੱਧੇ ਅਸਿਧੇ ਢੰਗ ਨਾਲ ਇਸ ਮੁਲਕ ਵਿਚ ਵਸਦੀਆਂ ਬਾਹਰੀ ਕੌਮਾਂ ਤੇ ਅਪਮਾਨ ਜਨਕ ਹਮਲਾ ਹੈ । ਉਹਨਾਂ ਸਮੁੱਚੇ ਭਾਈਚਾਰਿਆਂ ਨੂੰ ਇਹਨਾਂ ਆਪਣੀ ਘਟੀਆ ਬੋਲੀ ਦਾ ਨਿਸ਼ਾਨਾ ਬਣਾਇਆ ਹੈ ।ਇਹ ਘੱਟ ਗਿਣਤੀਆਂ ਤੇ ਨਸਲ਼ੀ ਵਿਤਕਰੇ ਦਾ ਢੰਗ ਵਰਤ ਕੇ ਉਹਨਾਂ ਦੀ ਹੋਂਦ ਤੇ ਹਮਲਾ ਹੈ ।ਲੋਕ ਤੰਤਰ ਵਿਚ , ਬਹੁ ਗਿਣਤੀ ਢਾਂਚੇ ਦਾ ਆਸਰਾ ਬਣਾ ਕੇ , ਇੱਕ ਸੰਕਟ ਪੈਦਾ ਕਰਨਾ , ਬਹੁਤ ਖਤਰਨਾਕ ਵਾਤਾਵਰਨ ਨੂੰ ਹਵਾ ਦਿੰਦਾ ਹੈ , ਜਿਵੇਂ ਕਿ “ਹਿਟਲਰ” ਨੇ ਅਜਿਹਾ ਹੀ ਕੀਤਾ ਸੀ ।ਦੁਨੀਆ ਦੇ ਕਈ ਦੇਸ਼ਾਂ ਵਿਚ ਅਜਿਹੀ ਨਫ਼ਰਤ ਘਟੀਆ ਕਿਸਮ ਦੀਆਂ ਘਟਨਾਵਾਂ “ਲੋਕ ਤੰਤਰ“ ਦੇ ਭ੍ਰਿਸ਼ਟ ਹੋ ਜਾਣ ਦਾ ਸਬੂਤ ਹਨ ।ਨਵੰਬਰ 1984 ਦੀ ਬਣੀ ਕਾਂਗਰਸੀ “ਰਾਜੀਵ ਗਾਂਧੀ“ ਸਰਕਾਰ ਦੀ ਮਿਸਾਲ ਹੈ , ਜਿ ਸਿੱਖਾਂ ਦੀ ਨਸਲ ਕੁਸ਼ੀ ਕਰਨ ਉਪਰੰਤ ਹੀ ਸੱਤਾ ਵਿਚ ਆਉਣ ਜੋਗੀ ਬਣੀ ।ਰਾਜੀਵ ਗਾਂਧੀ ਨੇ ਆਪਣੀ ਮਾਤਾ ਇੰਦਰਾ ਗਾਂਧੀ (ਜੋ ਕਿ ਪਾਰਸੀ ਖਾਨਦਾਨ ਸੀ)ਦੀ ਚਿਖਾ ਬਾਲਣ ਸਮੇਂ ਜਨੇਊ ਪਾਕੇ , ਵੋਟਾਂ ਖ਼ਾਤਰ ਹਿੰਦੂ ਬਹੁਮਤ ਧਰਮ ਕਬੂਲ ਕੀਤਾ ।”ਚਿਖਾ ਚੰਢਾਲ ਦੀ , ਪਾਰਸੀ ਦੇ ਪੁੱਤ ਨੇ ਜਨੇਊ ਪਾ ਲਿਆ” “ਬੇਸਮ ਸਮਝ ਬੈਠੇ , ਰਾਜੂ ਬਾਦਸ਼ਾਹ ਬਣ ਗਿਆ “- ਮਿੱਟੀ ਦਾ ਤੇਲ ਪਾਕੇ ਸਾੜੇ ਗਏ ਸੀ ਜੋ, ਉਹਨਾਂ ਆਵਾਜ਼ ਦਿੱਤੀ, ਇਹ ਫਿਰ ਤੋ ਔਰੰਗਜੇਬ ਬੈਹ ਗਿਆ” ।ਪਰੰਤੂ ਕੁਰਪਟ ਲੋਕ ਤੰਤਰ ਦੀ ਇਸ ਗੰਗਾ ਵਿੱਚ , ਉੱਗੇ ਕਈ ਕਾਂਗਰਸੀ ਨੇਤਾਵਾਂ ਨੇ ਆਪਣੇ ਹੱਥ ਧੋਤੇ ਤੇ ਸਿੱਖਾਂ ਦੀ ਕਤਲੋ ਗੈਰਤ ਕਰਵਾਈ । ਦੇਸ਼ ਨੂੰ ਕਲੰਕਤ ਕੀਤਾ । ਯੂ ਕੇ ਦੀ ਟੋਰੀ ਪਾਰਟੀ ਵਿੱਚ ਹਮੇਸ਼ਾ ਅਜਿਹੀ ਬਦਕਿਸਮਤੀ ਤੇ ਨਸਲੀ ਵਿਤਕਰਾ ਆਏ ਸਮੇਂ ਪੈਦਾ ਹੁੰਦਾ ਰਿਹਾ ਹੈ ।ਸੱਤਰਵਿਆਂ ਦੇ ਸਮੇਂ ਵਿੱਚ ਅਜਿਹੀ ਹੀ ਗੈਰ ਇਨਸਾਨੀਅਤ ਵਿਚਾਰਾਂ ਦਾ ਬੰਦਾ ਈਨੋਕ ਪਾਵਲ ਉਪਜਿਆ ਸੀ । ਪਰੰਤੂ ਉਸ ਸਮੇਂ ਦੀ ਟੋਰੀ ਪਾਰਟੀ ਜੋ ਸੱਤਾ ਵਿੱਚ ਸੀ ਅਤੇ ਇਸ ਮਸਲੇ ਤੇ ਸਖ਼ਤੀ ਨਾਲ ਨੱਥ ਪਾਈ ਗਈ ਸੀ । ਇਸਸਮੇ ਦੀ ਟੋਰੀ ਪਾਰਟੀ ਅਜਿਹੇ ਨਫਰਤੀ ਪਰਚਾਰ ਤੇ ਕਾਬੂ ਨਹੀਂ ਪਾ ਸਕੀ । ਬੜੀਆਂ ਸਖ਼ਤ ਘਾਲਣਾ ਨਾਲ “1968” ਦਾ ਰੇਸ ਰੀਲੇਸ਼ਨ ਐਕਟ ਹੋਂਦ ਵਿਚ ਆਇਆ ਸੀ , ਇਸੇ ਤਰਾਂ ਹਰ ਵਸਦੇ ਯੂ ਕੇ ਦੇ ਨਾਗਰਿਕਾਂ ਦੇ ਬਰਾਬਰਤਾ ਦੇ ਹੱਕਾਂ ਵਜੋਂ , ਇਸ ਵਿੱਚ ਸਾਲ 2002 ਤੱਕ ਅਨੇਕਾਂ ਤਰਮੀਮਾਂ ਹੋ ਚੁੱਕੀਆਂ ਹਨ। ਜੋ ਹਰ ਇਨਸਾਨ ਦੀ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਬਰਾਬਰਤਾ ਦਾ ਅਹਿਮ ਨਮੂਨਾ ਹਨ ਤੇ ਇੱਕ ਕਾਨੂੰਨੀ ਮੁਕੰਮਲ ਢਾਂਚਾ ਹੈ । ਜੇ ਸਰਕਾਰ ਚਾਹੇ ਤਾਂ ਇੱਸ ਨਵੀਂ ਪਾਰਟੀ ਤੇ ਦੋਸ਼ੀ ਵਜੋਂ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ । ਪਰ ਸਰਕਾਰ ਇਸ ਪੱਖੋਂ ਸ਼ਹਿਰੀਅਤ ਸੁਰੱਖਿਆ ਵੱਲ ਧਿਆਨ ਨਾ ਦੇ ਕੇ ਗੈਰ ਜੁਮੇਵਾਰ ਤੇ ਬੇਬਸ ਦਿਸ ਰਹੀ ਹੈ । ਸਾਡੀ ਅਪੀਲ ਹੈ ਕਿ ਪਰਵਾਸੀ ਭਾਈਚਾਰੇ ਇਸ ਪਾਰਟੀ ਦੀ ਨਫ਼ਰਤ ਭਰੀ ਨੀਤੀ ਦਾ ਵਿਰੋਧ ਕਰਨ । ਪਾਰਲੀਮੈਂਟਰੀ ਦੀਆਂ 4 ਜੁਲਾਈ ਨੂੰ ਪੈ ਰਹੀਆਂ ਵੋਟਾਂ ਵਿੱਚ ਇਸ ਨਵੀਂ ਪਾਰਟੀ ਤੋਂ ਦੂਰ ਦਾ ਨਾਤਾ ਬਣਾਈ ਰੱਖਣਾ ਹੀ ਸਾਡੀ ਨੈਤਿਕ ਜ਼ੁੰਮੇਵਾਰੀ ਬਣਦੀ ਹੈ । ••

ਆਵਾਜ਼ਿ ਕੌਮ AWAZE QAUM
International Newspaper & WEB TV

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ। ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# "ਪਾਠ ਦਾ ਭੋਗ ਅਤੇ ਅੰਤਿਮ ਅਰਦਾਸ"



ਆਵਾਜ਼ਿ ਕੌਮ AWAZE QAUM International Newspaper & WEB TV

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਖਾੜਕੂ ਸੰਘਰਸ਼ ਦੇ ਮਹਾਨ ਯੋਧੇ ਭਾਈ ਵਸਣ ਸਿੰਘ ਜ਼ਫ਼ਰਵਾਲ ਦੇ ਸਤਿਕਾਰਯੋਗ

# ਮਾਤਾ ਕੁਲਵੰਤ ਕੌਰ ਜੀ

ਜੋ ਮਿਤੀ 27 ਜੂਨ ਦਿਨ ਵੀਰਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।

**ਮਾਤਾ ਜੀ ਦੀ ਯਾਦ ਵਿਚ ਅਤੇ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ**

## ਮਿਤੀ 6 ਜੁਲਾਈ 2024, ਦਿਨ ਸ਼ਨੀਵਾਰ ਨੂੰ ਦੁਪਿਹਾ 12:00 ਤੋ 02:00 ਵੱਜੇ ਤੱਕ ਭਾਈ ਜ਼ਫ਼ਰਵਾਲ ਦੇ ਗ੍ਰਿਹ ਵਿਖੇ ਪੈਣਗੇ

**ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।**

ਵਾਹਿਗੁਰੂ ਦੇ ਭਾਣੇ 'ਚ

**ਭਾਈ ਵਸਣ ਸਿੰਘ ਜ਼ਫ਼ਰਵਾਲ ਅਤੇ ਸੰਮੂਹ ਪਰਿਵਾਰ**


**+91-78370-90700**

### ਤਿੰਨ ਦਿਨਾਂ ਅੱਠਵੀਂ ਵਿਸ਼ਵ ਪੰਜਾਬੀ ਕਾਨਫਰੰਸ

# ਟੋਰਾਂਟੋ ਵਿਖੇ ਸਫਲਤਾ ਪੂਰਵਕ ਸਮਾਪਤ

## ਪੰਜਾਬੀ ਬੋਲੀ, ਸਾਹਿਤ, ਸੱਭਿਆਚਾਰ ਤੇ ਮਨੁੱਖੀ ਅਧਿਕਾਰਾਂ ਦੇ ਮਸਲਿਆਂ ਬਾਰੇ ਹੋਈਆਂ ਵਿਚਾਰਾਂ
















(ਹੋਰ ਤਸਵੀਰਾਂ ਅਗਲੇ ਪੰਨਿਆਂ ’ਤੇ)

**ਟੋਰਾਂਟੋ, 1 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਕਲਮ ਫਾਊਂਡੇਸ਼ਨ ਅਤੇ ਸਿੰਘ ਟਰੈਵਲ ਵਲੋਂ ਪੰਜਾਬੀ ਸਿੱਖ ਸੰਗਤ ਅਤੇ ਅਜੀਤ ਵੀਕਲੀ ਦੇ ਸਹਿਯੋਗ ਨਾਲ 28 ਜੂਨ ਤੋਂ 30 ਜੂਨ ਤੱਕ ਹੋਈ 8ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਵਿਦਵਾਨਾਂ ਅਤੇ ਸਰੋਤਿਆਂ ਦਾ ਭਰਵਾਂ ਇਕੱਠ ਸੀ, ਕਾਨਫ਼ਰੰਸ ਦੀ ਅਰੰਭਤਾ ਖਾਲਸਾ ਕਮਿਊਨਿਟੀ ਸਕੂਲ ਬਰੈਂਪਟਨ ਦੇ ਬੱਚਿਆ ਅਤੇ ਪ੍ਰਸਿੱਧ ਵਿਦਵਾਨ ਭਾਈ ਗੁਲਜਾਰ ਸਿੰਘ ਨੇ ਸ਼ਬਦ ਕੀਰਤਨ ਰਾਹੀਂ ਕੀਤੀ। 8ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ 1984 ਦੇ ਸਮੂੰਹ ਸ਼ਹੀਦਾਂ ਦੀ 40ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਤੀ ਗਈ। ਉਦਘਾਟਨ ਸਮੇਂ ਕਮਿਉਨਿਟੀ ਦੇ ਪਤਵੰਤੇ ਸੱਜਣ, ਅਤੇ ਕਾਨਫ਼ਰੰਸ ਦੀ ਮੁੱਖ ਮਹਿਮਾਨ, ਕੈਨੇਡਾ ਦੇ ਓਨਟਾਰੀਓ ਸੂਬੇ ਦੀ ਲਿਬਰਲ ਪਾਰਟੀ ਦੀ ਲੀਡਰ ਅਤੇ ਮਿਸੀਸਾਗਾ ਸ਼ਹਿਰ ਦੀ ਸਾਬਕਾ ਮੇਅਰ ਬੋਨੁ ਕਰੌਂਬੀਂ, ਮੈਬਰ ਪਾਰਲੀਮੈਂਟ ਰੂਬੀ ਸਹੋਤਾ, ਪਹਿਲੇ ਦਸਤਾਰਬੰਦੀ ਸਿੱਖ ਮੈਬਰ ਪਾਰਲੀਮੈਂਟ ਗੁਰਬਖਸ਼ ਸਿੰਘ ਮੱਲੀ, ਮੈਂਬਰ ਪਾਰਲੀਮੈਂਟ ਮਨਿੰਦਰ ਸਿੰਘ ਸਿੱਧੂ, ਮੈਂਬਰ ਪਾਰਲੀਮੈਂਟ ਸ਼ਫਕਤ ਅਲੀ ਜੀ, ਐਮ ਪੀ ਪੀ ਅਮਰਜੋਤ ਸਿੰਘ ਸੰਧੂ, ਐਮ ਪੀ ਪੀ ਹਰਦੀਪ ਸਿੰਘ ਗਰੇਵਾਲ, ਐਮ ਪੀ ਪੀ ਦੀਪਕ ਆਨੰਦ, ਡਾ ਰਵੇਲ ਸਿੰਘ, ਡਾ ਨਬੀਲਾ ਰਹਿਮਾਨ ਵੀ ਸੀ ਝੰਗ ਯੁਨੀਵਰਸਿਟੀ, ਡਾ ਅਖਤਰ ਸੰਧੂ ਪ੍ਰਿੰਸੀਪਲ ਇਸਲਾਮੀਆ ਕਾਲਜ ਲਾਹੌਰ, ਡਾ ਸੁਨੀਤਾ, ਡਾ ਗੁਰਦੀਪ ਕੌਰ, ਡਾ ਅਮਰ ਸਿੰਘ, ਡਾ ਸੁਖਦੇਵ ਸਿੰਘ, ਡਾ ਆਇਸ਼ਾ ਗਾਜੀ, ਡਾ ਮੰਗਲ ਸਿੰਘ, ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ, ਪ੍ਰਿੰਸੀਪਲ ਰਾਮ ਸਿੰਘ, ਪ੍ਰਸਿੱਧ ਕਵਿੱਤਰੀ ਤਾਹਿਰਾ ਸਰਾ, ਪ੍ਰਸਿੱਧ ਵਿਦਵਾਨ ਨਵਤੇਜ ਭਾਰਤੀ, ਅਜਮੇਰ ਰੋਡੇ, ਬਲਦੇਵ ਦੂਹੜੇ ਅਤੇ ਸਤਿੰਦਰਪਾਲ ਸਿੰਘ ਸਿੱਧਵਾਂ ਸਮੇਤ ਬਹੁਤ ਸਾਰੇ ਵਿਦਵਾਨਾ ਅਤੇ ਸਰੋਤਿਆਂ ਨੇ ਹਾਜ਼ਰੀ ਲਵਾਈ। ਪੀਅਰਸਨ ਕਨਵੈਨਸ਼ਨ ਸੈਂਟਰ ਦਾ ਕਾਨਫ਼ਰੰਸ ਹਾਲ ਖਚਾਖਚ ਭਰਿਆ ਹੋਇਆ ਸੀ। ਪ੍ਰਧਾਨ ਜਸਬੀਰ ਸਿੰਘ ਬੋਪਾਰਾਏ, ਸਰਪ੍ਰਸਤ ਕੰਵਲਜੀਤ ਕੌਰ ਬੈਂਸ, ਚੇਅਰਮੈਨ ਭੁਪਿੰਦਰ ਸਿੰਘ ਬਾਜਵਾ, ਸਕੱਤਰ ਨੀਟਾ ਬਲਵਿੰਦਰ, ਮਨਜੀਤ ਸਿੰਘ ਸੋਢੀ, ਦਿਲਕਰਨ ਸਿੰਘ ਬੋਪਾਰਾਏ, ਸੁਮਨ ਮੋਦਗਿਲ ਸਮੇਤ ਸਾਰੇ ਪ੍ਰਬੰਧਕ ਵੀ ਹਾਜ਼ਰ ਸਨ। ਇਸ ਸਮੇਂ ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਡਾ ਜਸਬੀਰ ਕੌਰ ਅਤੇ ਕੋਆਰਡੀਨੇਟਰ ਡਾ ਪਰਮਜੀਤ ਸਿੰਘ ਸਰੋਆ ਵਲੋਂ ਡਾ ਸੁਖਦੇਵ ਸਿੰਘ ਰਾਂਹੀ ਪ੍ਰਬੰਧਕਾਂ ਲਈ ਪਿਆਰ ਭਰਿਆ ਤੋਹਫਾ ਭੇਜਿਆ ਗਿਆ। ਦੂਜੇ ਦਿਨ 29 ਜੂਨ ਨੂੰ ਤਿੰਨ ਸ਼ੈਸ਼ਨ ਕੀਤੇ ਗਏ, ਪਹਿਲਾ ਸ਼ੈਸ਼ਨ ਕਨੇਡੀਅਨ ਜੰਮਪਲ ਬੱਚਿਆ ਵਲੋ ਕੀਤਾ ਗਿਆ ਜਿਸ ਵਿਚ ਹਰਜਨ ਸਿੰਘ ਬੋਪਾਰਾਏ, ਅਮਤੇਸ਼ਵਰ ਸਿੰਘ, ਸਾਕਿਤ ਸ਼ਰਮਾ, ਜੀਵਨ ਦਿਓਲ, ਆਸਾਵਰੀ ਢਿੱਲੋਂ, ਪ੍ਰੀਤਿਕਾ ਕੌਰ, ਅਰਸ਼ਦੀਪ ਸੰਧੂ, ਗੁਰਲੀਨ ਕੌਰ, ਕੰਵਲਜੀਤ ਕੌਰ ਢਿੱਲੋਂ, ਨਿਰਵੈਰ ਸਿੰਘ ਅਰੋੜਾ ਨੇ ਯੂਥ ਨੌਜਵਾਨਾ ਨੂੰ ਆ ਰਹੀਆ ਕਠਿਨਾਈਆ ਅਤੇ ਉਨਾਂ ਦੇ ਹੱਲ ਬਾਰੇ ਗਲਬਾਤ ਕੀਤੀ, ਚੌਥਾ ਸ਼ੈਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਸਮਰਪਿਤ ਸੀ ਜਿਸ ਵਿਚ ਡਾ ਗੁਰਨਾਮ ਕੌਰ, ਪ੍ਰਿੰਸੀਪਲ ਰਾਮ ਸਿੰਘ, ਡਾ ਨਬੀਲਾ ਰਹਿਮਾਨ ਅਤੇ ਡਾ ਅਮਰ ਸਿੰਘ ਨੂੰ ਪ੍ਰਾਜੈਕਟ ਰਾਹੀਂ ਗੁਰਬਾਣੀ ਦੇ ਪੁਰਾਤਨ ਸਰੂਪਾਂ ਦੀ ਸਾਂਭ ਸੰਭਾਲ ਅਤੇ ਸਿਖਿਆਵਾਂ ਦੇ ਗਲ ਕੀਤੀ, ਪੰਜਵੇ ਸ਼ੈਸ਼ਨ ਵਿੱਚ ਡਾ ਵਨੀਤਾ, ਸਤਨਾਮ ਸਿੰਘ, ਸਰਬਜੀਤ ਸਿੰਘ ਮਾਨ, ਡਾ ਅਮਰਜੀਤ ਘੁੰਮਣ, ਡਾ ਗੁਰਦੀਪ ਕੌਰ, ਡਾ ਬਰਿੰਦਰ ਕੌਰ ਅਤੇ ਦਿਲਕਰਨ ਸਿੰਘ ਬੋਪਾਰਾਏ ਨੇ ਪੰਜਾਬੀ ਸਾਹਿਤ, ਸਭਿਆਚਾਰ ਪੁਰਾਤਨ ਦਿੱਖ ਅਤੇ ਸਿੱਖੀ ਕਦਰਾਂ ਕੀਤਾ ਦੀ ਗੱਲ ਕੀਤੀ ਉਪਰੰਤ ਅੰਤਰਾਸ਼ਟਰੀ ਕਵੀ ਦਰਬਾਰ ਸਜਾਇਆ ਗਿਆ ਜਿਸ ਨੂੰ ਪ੍ਰਸਿੱਧ ਕਵਿਤਰੀ ਤਾਹਿਰਾ ਸਰਾ ਨੇ ਬਾਖੂਬੀ ਨਿਭਾਇਆ। 30 ਜੂਨ ਨੂੰ, ਜੂਨ 84 ਦੇ ਤੀਜੇ ਘੱਲੂਘਾਰੇ ਦੀ 40ਵੇਂ ਵਰੇਗੰਢ ਨੂੰ ਸਮਰਪਿਤ ਅੱਠਵੀਂ ਵਿਸ਼ਵ ਪੰਜਾਬੀ ਕਾਨਫਰੰਸ ਸਮਾਪਤ ਹੋਈ। ਖਚਾਖਚ ਭਰੇ ਹਾਲ ਵਿੱਚ ਸਮਾਪਤੀ ਭਾਸ਼ਣ ਅਤੇ ਧੰਨਵਾਦ ਦੌਰਾਨ ਕਲਮ ਫਾਊਂਡੇਸ਼ਨ ਅਤੇ ਸਿੰਘ ਟਰੈਵਲਜ਼ ਕੈਨੇਡਾ ਸੰਸਥਾ ਦੇ ਪ੍ਰਧਾਨ ਜਸਵੀਰ ਸਿੰਘ ਬੋਪਾਰਾਏ ਵੱਲੋਂ ਇਸ ਸਬੰਧ ਵਿੱਚ ਦੋਵੇਂ ਪੰਜਾਬਾਂ ਦੀ ਸਾਂਝ, ਮਾਂ ਬੋਲੀ ਪੰਜਾਬੀ ਦੀ ਚੜਦੀ ਕਲਾ ਅਤੇ ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਲਈ ਚੁਣੌਤੀਆਂ ਦੇ ਵਿਸ਼ੇ ਤੇ ਦਿੱਤੇ ਵਿਚਾਰ ਤੇ ਮੌਜੂਦਾ ਸਮੇਂ ਸਰਕਾਰਾਂ ਵੱਲੋਂ ਮਨੁੱਖੀ ਅਧਿਕਾਰਾਂ ਦੇ ਕੀਤੇ ਜਾ ਰਹੇ ਘਾਣ ਦੀ ਗੱਲ ਪੰਜਾਬੀ ਕਾਨਫਰੰਸ ਚ ਕੀਤੀ ਜਾਣੀ ਖਾਸ ਅਰਥ ਰੱਖਦੀ ਹੈ। ਆਪਣੇ ਵਿਚਾਰਾਂ ਵਿੱਚ ਭਾਰਤ ਸਰਕਾਰ ਵੱਲੋਂ ਦਰਬਾਰ ਸਾਹਿਬ ’ਤੇ ਕੀਤੇ ਹਮਲੇ, ਏਅਰ ਇੰਡੀਆ ਬੰਬ ਧਮਾਕੇ ਵਿੱਚ ਇੰਡੀਅਨ ਸਟੇਟ ਦੀ ਸ਼ੱਕੀ ਭੂਮਿਕਾ ਅਤੇ ਸਿੱਖ ਫਾਰ ਜਸਟਿਸ ਵੱਲੋਂ ਰੱਖੇ ਪੰਜ ਮਿਲੀਅਨ ਡਾਲਰ ਦੀ ਜਾਂਚ ਲਈ ਪੇਸ਼ਕਸ਼, ਕੈਨੇਡਾ ਦੀ ਧਰਤੀ ਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਤੇ ਅਮਰੀਕਾ ਵਿੱਚ ਸਿੱਖ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੂੰ ਜਾਨੋ ਮਾਰਨ ਦੇ ਅਸਫਲ ਹਮਲੇ ਆਦਿ ਬਾਰੇ ਗੱਲ ਕਰਨੀ ਪ੍ਰਬੰਧਕ ਸਾਹਿਬਾਨ ਦਾ ਦਲੇਰਾਨਾ ਕਦਮ ਕਿਹਾ ਜਾ ਸਕਦਾ ਹੈ ਤੇ ਇਸ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ। ਸੱਚ ਹੈ ਕਿ ਜਿੱਥੇ ਜਗ੍ਹਾ ਮਿਲਦੀ ਹੈ ਗੱਲ ਕਹਿਣ ਦੀ, ਉਥੇ ਗੱਲ ਕੀਤੀ ਜਾਵੇ। ਇਸ ਕਾਨਫਰੰਸ ਵਿੱਚ ਹਿੱਸਾ ਲੈਣ ਵਾਲੇ ਸਮੂਹ ਵਿਦਵਾਨ, ਚਿੰਤਕ ਬੁੱਧੀਜੀਵੀ, ਪ੍ਰਬੰਧਕ ਅਤੇ ਸਰੋਤੇ ਵਧਾਈ ਦੇ ਪਾਤਰ ਹਨ। ਕਾਨਫ਼ਰੰਸ ਨੂੰ ਕਾਮਯਾਬ ਬਣਾਉਣ ਲਈ ਪੀਅਰਸਨ ਕਨਵੈਨਸ਼ਨ ਸੈਂਟਰ ਦੇ ਮਾਲਕ ਮਹਿੰਦਰ ਸਿੰਘ ਮਿਨਹਾਸ, ਸਾਂਝੀ ਰਸੋਈ ਦੇ ਗੁਰਪ੍ਰੀਤ ਸਿੰਘ, ਮਿਸਟਰ ਸਿੰਘ ਪੀਜ਼ਾ, ਹਰਵਿੰਦਰ ਸਿੰਘ ਧਾਲੀਵਾਲ, ਸਾਦੀਆ ਸਫਦਰ, ਸਤਿੰਦਰਪਾਲ ਸਿੰਘ ਸਿਧਵਾਂ ਹਰਜਿੰਦਰ ਸਿੰਘ ਗਿੱਲ, ਸੁੱਖਾ ਬਾਸੀ, ਡਾ ਫਲੀਹਾ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੈਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ, ਰਿਪਸੋਧਕ ਸਿੰਘ ਗਰੇਵਾਲ, ਗੁਰਦੇਵ ਸਿੰਘ ਰੱਖੜਾ, ਬਲਦੇਵ ਧਾਲੀਵਾਲ, ਸੁਮਨ ਮੋਦਗਿਲ, ਦਲੀਪ ਸਿੰਘ, ਰਣਬੀਰ ਸਿੰਘ, ਆਮਿਰ, ਮਨਜੀਤ ਸਿੰਘ ਸੋਢੀ, ਮੱਲ ਸਿੰਘ ਬਾਸੀ, ਅਮਰ ਸਿੰਘ ਤੂੱਸੜ, ਅਮਰ ਸਿੰਘ ਢੀਡਸਾ, ਪ੍ਰੀਤ ਗਿੱਲ, ਹਰਜੀਤ ਭੰਬਰਾ, ਡਾ ਗੁਰਵੀਰ ਸਿੰਘ ਸੋਹੀ, ਡਾ ਜਸਬੀਰ ਕੌਰ, ਡਾ ਕਸ਼ਮੀਰ ਸਿੰਘ, ਡਾ ਹਰਜੋਧ ਸਿੰਘ, ਡਾ ਪਰਮਜੀਤ ਸਿੰਘ ਸਰੋਆ ਅਚੇ ਮੰਗਲ ਸਿੰਘ ਜੀ ਦਾ ਵਿਸ਼ੇਸ਼ ਸਹਿਯੋਗ ਰਿਹਾ। ••

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਤਿੰਨ ਦਿਨਾਂ ਅੱਠਵੀਂ ਵਿਸ਼ਵ ਪੰਜਾਬੀ ਕਾਨਫਰੰਸ

# ਟੋਰਾਂਟੋ ਵਿਖੇ ਸਫਲਤਾ ਪੂਰਵਕ ਸਮਾਪਤ

## ਪੰਜਾਬੀ ਬੋਲੀ, ਸਾਹਿਤ, ਸੱਭਿਆਚਾਰ ਤੇ ਮਨੁੱਖੀ ਅਧਿਕਾਰਾਂ ਦੇ ਮਸਲਿਆਂ ਬਾਰੇ ਹੋਈਆਂ ਵਿਚਾਰਾਂ
























ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :


+447458381111 +447976210161 +919729091243

ਗੁਰੂ ਘਰ ਵਿੱਚ ਗਿੱਧਾ-ਬੋਲੀਆਂ ਪਾਉਣ ਦੇ ਮਾਮਲੇ ਵਿੱਚ

# ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਵਲੋਂ ਪਾਖੰਡੀ ਬਾਬੇ ਵਿਰੁੱਧ ਸ਼੍ਰੀ ਅਕਾਲ ਤਖਤ ਸਾਹਿਬ 'ਤੇ ਲਿਖਤੀ ਸ਼ਿਕਾਇਤ ਕੀਤੀ






ਗੁਰੂ ਘਰ ਦੀ ਆੜ ਵਿੱਚ ਪਾਖੰਡ ਦੇ ਡੇਰਿਆਂ ਵਿੱਚੋ ਇੱਕ ਡੇਰਾ ਬੁਲੰਦਪੁਰੀ ਦੇ ਮੁੱਖੀ ਬਲਦੇਵ ਸਿਓ ਬੁਲੰਦਪੁਰੀ ਵਲੋਂ ਮੱਸੇ ਰੰਗੜ ਦੀ ਤਰਜ ਤੇ ਗੁਰੂ ਘਰ ਵਿੱਚ ਗਿੱਧਾ ਬੋਲੀਆਂ ਪਾਉਣ ਦੇ ਮਾਮਲੇ ਵਿੱਚ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਵਲੋਂ ਪਾਖੰਡੀ ਬਾਬੇ ਵਿਰੁੱਧ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਲਿਖਤੀ ਸਕਾਇਤ ਕੀਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਵਲੋਂ ਭਾਈ ਦਵਿੰਦਰ ਸਿੰਘ ਖਾਲਸਾ ਭਾਈ ਰਵਿੰਦਰ ਸਿੰਘ ਖਾਲਸਾ ਦੀ ਅਗਵਾਈ ਹੇਠ 5 ਸਿੰਘਾਂ ਵਲੋਂ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਲਿਖਤੀ ਸਕਾਇਤ ਦਰਜ ਕਰਵਾ ਦਿੱਤੀ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਸਤਿਕਾਰ ਕਮੇਟੀ ਆਗੂ ਭਾਈ ਦਵਿੰਦਰ ਸਿੰਘ ਖਾਲਸਾ ਨੇ ਦੱਸਿਆ ਕੇ ਕੁੱਝ ਦਿਨ ਪਹਿਲਾ ਅਮਰੀਕਾ ਦੇ ਗੁਰੂ ਘਰ ਵਿੱਚ ਸੰਤ ਭਿੰਡਰਾਂਵਾਲਾ ਜੀ ਤੇਂ ਸਿੰਘਾਂ ਸ਼ਹੀਦਾਂ ਦੀ ਅਰਦਾਸ ਕਰਨ ਤੋਂ ਰੋਕਣ ਦੇ ਮਾਮਲੇ ਦੀ ਅੱਗ ਅਜੇ ਠੰਡੀ ਨਹੀ ਹੋਈ ਤੇਂ ਸਾਨੂੰ ਇਹਨਾਂ ਦੀ ਇੱਕ ਹੋਰ ਵੀਡੀਓ ਮਿਲੀ ਜਿਸ ਵਿੱਚ ਡੇਰਾ ਮੁੱਖੀ ਬਲਦੇਵ ਸਿਓ ਆਪਣੇ ਕੁੱਝ ਚੇਲਿਆਂ ਚੱਟੜੀਆ ਸਮੇਤ ਗੁਰੂ ਘਰ ਦੀ ਹਦੂਦ ਅੰਦਰ ਗਿੱਧਾ ਭੰਗੜਾ ਪਾ ਰਿਹਾ ਹੈ ਬੋਲੀਆਂ ਪਾ ਰਿਹਾ ਹੈ ਜੋ ਕੇ ਗੁਰੂ ਘਰ ਦਿਆ ਮਰਿਯਾਦਾ ਦੀ ਘੋਰ ਉਲੰਘਣਾ ਹੈ ਤੇਂ ਅਜਿਹੇ ਕਾਰਜ ਪੂਰਨ ਤੌਰ ਤੇਂ ਮਨਾਹੀ ਹੈ। ਪਰ ਡੇਰਾ ਮੁੱਖੀ ਬਲਦੇਵ ਸਿੰਘ ਸਰੇਆਮ ਮਰਿਯਾਦਾ ਦੀਆ ਧੱਜੀਆਂ ਉਡਾ ਰਿਹਾ ਹੈ। ਸ਼੍ਰੀ ਅਕਾਲ ਤਖਤ ਸਾਹਿਬ ਸਿੱਖਾਂ ਦੀ ਸੁਪਰੀਮ ਪਾਵਰ ਹੈ ਤੇਂ ਇਸ ਮਾਮਲੇ ਤੇਂ ਫੈਸਲਾ ਲੈਣ ਦਾ ਅਧਿਕਾਰ ਪੰਜ ਸਿੰਘ ਸਾਹਿਬਾਨ ਕੋਲ ਹੈ ਤਾ ਕਰਕੇ ਇਸ ਮਾਮਲੇ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਤੇਂ ਪੇਸ ਕੀਤਾ ਗਿਆ ਗਈ।

ਅਕਾਲ ਯੂਨੀਵਰਸਿਟੀ ਕੈਂਪਸ ਵਿਖੇ ਹੋ ਰਿਹਾ

# ਨੌਜਵਾਨ ਨੀਤੀ ਨਿਰਮਾਤਾਵਾਂ ਦਾ ਮਾਰਗ ਦਰਸ਼ਨ

**ਤਲਵੰਡੀ ਸਾਬੋ, 01 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਇਲਾਕੇ ਦੇ ਨੌਜਵਾਨਾਂ ਨੂੰ ਸਸ਼ਕਤ ਕਰਨ ਲਈ ਲਗਾਤਾਰ ਸਰਗਰਮ ਕਦਮ ਚੁੱਕਦੀ ਹੈ। ਹਾਲ ਹੀ ਵਿੱਚ ਅਕਾਲ ਯੂਨੀਵਰਸਿਟੀ ਦੇ ਵਾਈਬ੍ਰੈਂਟ ਸੈਂਟਰ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨ ਨੇ ਪੂਰੇ ਭਾਰਤ ਵਿੱਚ ਦਾਖਲਾ ਪ੍ਰੀਖਿਆਵਾਂ ਕਰਵਾਈਆਂ ਹਨ। ਇਸ ਤੱਥ ਨਾਲ ਕੇਂਦਰ ਨੂੰ ਸਕਾਰਾਤਮਕ ਹੁੰਗਾਰਾ ਮਿਲਿਆ ਅਤੇ ਇਸਦੇ ਨਤੀਜੇ ਵੱਜੋਂ ਵੱਖ-ਵੱਖ ਰਾਜਾਂ ਤੋਂ 600 ਤੋਂ ਵੱਧ ਬਿਨੈਕਾਰਾਂ ਨੇ ਰਜਿਸਟਰ ਕੀਤਾ। ਹੁਣ ਲਗਭਗ 30 ਉਮੀਦਵਾਰਾਂ ਦੀ ਚੋਣ ਸਕ੍ਰੀਨਿੰਗ ਰਾਊਂਡ ਅਤੇ ਸ਼ਖਸੀਅਤ ਟੈਸਟਾਂ ਰਾਹੀਂ ਕੀਤੀ ਜਾਣੀ ਹੈ। ਇਹ ਚੋਣਵੇਂ ਵਿਦਿਆਰਥੀ ਕੈਂਪਸ ਵਿੱਚ ਮਾਹਿਰ ਫੈਕਲਟੀ ਮੈਂਬਰਾਂ ਤੋਂ ਵਿਆਪਕ ਤੌਰ 'ਤੇ ਯੂ ਪੀ ਐੱਸ ਈ ਦੀ ਕੋਚਿੰਗ ਦੇ ਹੱਕਦਾਰ ਹੋਣਗੇ। ਉਹਨਾਂ ਨੂੰ ਕੋਚਿੰਗ ਦੌਰਾਨ ਢੁਕਵੇਂ ਸਰੋਤਾਂ, ਅੱਪਡੇਟ ਕੀਤੇ ਨੋਟਸ, ਟੈਸਟਾਂ ਦੀ ਲੜੀ ਅਤੇ ਹੋਰ ਪੂਰਵ ਲੋੜੀਂਦੇ ਸਾਧਨਾਂ ਜੋ ਕਿ ਤਿਆਰੀ ਨਾਲ ਸੰਬੰਧਿਤ ਹਨ, ਦੀ ਸਹੂਲਤ ਦਿੱਤੀ ਜਾਵੇਗੀ। ਅਸਲ ਵਿਚ ਇਸ ਪ੍ਰਵੇਸ਼ ਪ੍ਰੀਖਿਆ ਨੂੰ ਯੂ ਪੀ ਐੱਸ ਸੀ ਦੀ ਕੋਚਿੰਗ ਮੁਫਤ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਪ੍ਰਵੇਸ਼ ਪ੍ਰੀਖਿਆ ਇੱਕ ਅਜਿਹਾ ਉਪਰਾਲਾ ਹੈ ਜੋ ਚਾਹਵਾਨ ਵਿਦਿਆਰਥੀਆਂ ਨੂੰ ਵਿੱਤੀ ਰੁਕਾਵਟਾਂ ਕਾਰਨ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਵਿਚ ਸਹਾਇਤਾ ਕਰਦਾ ਹੈ। ਇਸ ਪ੍ਰਸੰਗ ਵਿਚ ਪੂਰੀ ਸਕਾਲਰਸ਼ਿਪ ਪ੍ਰਦਾਨ ਕਰਨ ਦਾ ਉਦੇਸ਼ ਹੈ ਕਿ ਵਿਦਿਆਰਥੀਆਂ ਨੂੰ ਖਰਚਿਆਂ ਦੀ ਪ੍ਰੇਸ਼ਾਨੀ ਨਾ ਹੋਵੇ ਅਤੇ ਉਸਦਾ ਪੂਰਾ ਧਿਆਨ ਪੜ੍ਹਾਈ 'ਤੇ ਕੇਂਦਰਿਤ ਹੋ ਸਕੇ। ਨਿਸ਼ਚਿਤ ਤੌਰ 'ਤੇ ਅਕਾਲ ਯੂਨੀਵਰਸਿਟੀ ਦਾ ਇਹ ਕਦਮ ਸਮਰੱਥ ਨੌਜਵਾਨ ਨੀਤੀ ਨਿਰਮਾਤਾਵਾਂ ਦੇ ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਏਗਾ। ••





# ਮਨਜੀਤ ਸਿੰਘ ਜੀ.ਕੇ. ਵੱਲੋਂ ਦਿੱਲੀ ਗੁਰਦੁਆਰਾ ਕਮੇਟੀ 'ਚ ਪ੍ਰਧਾਨ ਹੁੰਦਿਆਂ ਹੇਰਾਫੇਰੀ ਕਰਨ ਦੇ ਇਕ ਮਾਮਲੇ 'ਚ ਅਦਾਲਤ ਵਿਚ ਚਾਰਜਸ਼ੀਟ ਹੋਈ ਦਾਇਰ



**ਨਵੀਂ ਦਿੱਲੀ, 1 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਸਰਦਾਰ ਮਨਜੀਤ ਸਿੰਘ ਜੀ.ਕੇ. ਵੱਲੋਂ ਪ੍ਰਧਾਨ ਹੁੰਦਿਆਂ ਕਮੇਟੀ ਦੇ ਫੰਡਾਂ ਵਿਚ ਕੀਤੀ ਗਈ 10 ਲੱਖ ਰੁਪਏ ਦੀ ਹੇਰਾਫੇਰੀ ਦੇ ਮਾਮਲੇ ਵਿਚ ਪੁਲਿਸ ਨੇ ਜਾਂਚ ਮੁਕੰਮਲ ਹੋਣ ਉਪਰੰਤ ਅਦਾਲਤ ਵਿਚ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ ਅਤੇ ਅਦਾਲਤ ਨੇ ਮੁਲਜ਼ਮ ਲਈ ਸੰਮਨ ਜਾਰੀ ਕਰ ਦਿੱਤੇ ਹਨ। ਅੱਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਜਦੋਂ ਸਰਦਾਰ ਮਨਜਿੰਦਰ ਸਿੰਘ ਸਿਰਸਾ ਕਮੇਟੀ ਦੇ ਪ੍ਰਧਾਨ ਅਤੇ ਸਰਦਾਰ ਹਰਮੀਤ ਸਿੰਘ ਕਾਲਕਾ ਜਨਰਲ ਸਕੱਤਰ ਸਨ ਤਾਂ ਉਹਨਾਂ ਨੇ ਮਨਜੀਤ ਸਿੰਘ ਜੀ.ਕੇ. ਵੱਲੋਂ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਨੂੰ 10 ਲੱਖ ਰੁਪਏ ਦਾ ਨਗਦ ਕਰਜ਼ਾ ਵੋਚਰ ਦੇ ਆਧਾਰ 'ਤੇ ਦਿੱਤਾ ਹੋਣ ਦਾ ਖੁਲ੍ਹਾਸਾ ਹੋਣ 'ਤੇ ਇਸ ਮਾਮਲੇ ਦੀ ਸ਼ਿਕਾਇਤ ਦਿੱਲੀ ਪੁਲਿਸ ਨੂੰ ਦਿੱਤੀ ਸੀ। ਉਹਨਾਂ ਦੱਸਿਆ ਕਿ ਮਨਜੀਤ ਸਿੰਘ ਜੀ.ਕੇ. ਨੇ ਆਪਣੇ ਹਸਤਾਖ਼ਰ ਕਰ ਕੇ ਸੰਸਥਾ ਦੇ ਮੁਲਾਜ਼ਮ ਹਰਜੀਤ ਸਿੰਘ ਦੇ ਨਾਂ 'ਤੇ ਇਹ ਅਦਾਇਗੀ ਕੀਤੀ ਸੀ। ਉਹਨਾਂ ਦੱਸਿਆ ਕਿ ਜਦੋਂ ਸੰਸਥਾ ਦੇ ਡਾਇਰੈਕਟਰ ਨੂੰ ਚਿੱਠੀ ਲਿਖ ਕੇ ਪੁੱਛਿਆ ਗਿਆ ਕਿ ਤੁਹਾਡੇ ਕੋਲ ਇਹ ਰਾਸ਼ੀ ਆਈ ਹੈ ਤਾਂ ਉਹਨਾਂ ਸਪਸ਼ਟ ਖੰਡਨ ਕੀਤਾ ਤੇ ਕਿਹਾ ਕਿ ਉਹਨਾਂ ਕੋਲ ਅਜਿਹੀ ਕੋਈ ਰਾਸ਼ੀ ਨਹੀਂ ਆਈ। ਉਹਨਾਂ ਦੱਸਿਆ ਕਿ 19.8.2016 ਨੂੰ ਜਿਸ ਦਿਨ ਵੋਚਰ ਰਾਹੀਂ ਸੰਸਥਾ ਨੂੰ ਅਦਾਇਗੀ ਕਰਜ਼ੇ ਦੇ ਰੂਪ ਵਿਚ ਕੀਤੀ ਗਈ ਦਰਸਾਈ ਗਈ, ਉਸ ਦਿਨ ਸੰਸਥਾ ਦੇ ਬੈਂਕ ਖ਼ਾਤੇ ਵਿਚ 2 ਕਰੋੜ ਰੁਪਏ ਜਮ੍ਹਾਂ ਸਨ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਜਦੋਂ ਇਸ ਮਾਮਲੇ ਦੀ ਜਾਂਚ ਕਰ ਰਹੇ ਜਾਂਚ ਅਫਸਰ (ਆਈ ਓ) ਨੇ ਜਾਂਚ ਮੁਕੰਮਲ ਕੀਤੀ ਤਾਂ ਉਸਨੇ ਪਟਿਆਲਾ ਹਾਊਸ ਕੋਰਟ ਦੀ ਅਦਾਲਤ ਵਿਚ ਆਪਣੀ ਚਾਰਜਸ਼ੀਟ ਦਾਇਰ ਕਰ ਦਿੱਤੀ। ਉਹਨਾਂ ਦੱਸਿਆ ਕਿ ਹੁਣ ਅਦਾਲਤ ਨੇ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਕਿਹਾ ਹੈ ਕਿ ਮਾਮਲੇ ਵਿਚ ਧਾਰਾ 409, 420, 467, 468 ਅਤੇ 471 ਆਈ ਪੀ ਸੀ ਦੇ ਤਹਿਤ ਢੁਕਵੇਂ ਸਬੂਤ ਮੌਜੂਦ ਹਨ ਜਿਸਦੇ ਆਧਾਰ 'ਤੇ ਮੁਲਜ਼ਮ ਨੂੰ ਤਲਬ ਕੀਤਾ ਜਾ ਸਕੇ ਜਿਸ ਲਈ ਅਦਾਲਤ ਨੇ ਮਨਜੀਤ ਸਿੰਘ ਜੀ.ਕੇ. ਨੂੰ ਤਲਬ ਕਰਨ ਲਈ ਸੰਮਨ ਜਾਰੀ ਕੀਤੇ ਹਨ। ਉਹਨਾਂ ਇਹ ਵੀ ਕਿਹਾ ਕਿ ਹੋਰ ਵੀ 3-4 ਮਾਮਲੇ ਹਨ ਜਿਹਨਾਂ ਵਿਚ ਮਨਜੀਤ ਸਿੰਘ ਜੀ.ਕੇ. ਖਿਲਾਫ ਜਾਂਚ ਚਲ ਰਹੀ ਹੈ ਤੇ ਜਾਂਚ ਮੁਕੰਮਲ ਹੋਣ 'ਤੇ ਸਾਰੇ ਵੇਰਵੇ ਜਨਤਕ ਕੀਤੇ ਜਾਣਗੇ। ਉਹਨਾਂ ਕਿਹਾ ਕਿ ਮਨਜੀਤ ਸਿੰਘ ਜੀ.ਕੇ. ਨੇ ਬਜਾਏ ਆਪਣੀ ਗਲਤੀ ਮੰਨਣ ਦੇ ਉਹਨਾਂ ਖਿਲਾਫ ਦੋਸ਼ ਲਾਉਣ ਵਾਲਿਆਂ ਖਿਲਾਫ ਮਾਣਹਾਨੀ ਯਾਨੀ ਡੈਫਾਮੇਸ਼ਨ ਦੇ ਕੇਸ ਕੀਤੇ ਹਨ ਜੋ ਸਾਰੇ ਫੇਲ੍ਹ ਹੋਣਗੇ ਕਿਉਂਕਿ ਉਹ ਅਸਲ ਵਿਚ ਦੋਸ਼ੀ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਜਿਲ੍ਹੇ ਨੂੰ ਹਰਿਆ-ਭਰਿਆ ਬਣਾਉਣ ਲਈ 10 ਲੱਖ ਬੂਟੇ ਲਗਾਉਣ ਦਾ ਟੀਚਾ ਮਿੱਥਿਆ- ਵਧੀਕ ਡਿਪਟੀ ਕਮਿਸ਼ਨਰ

## ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਬੂਟੇ ਲਗਾਉਣ ਦੇ ਕੰਮ ਦਾ ਕੀਤਾ ਰੀਵਿਊ




**ਜੰਡਿਆਲਾ ਗੁਰੂ, 1 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਆਉਣ ਵਾਲੇ ਮਾਨਸੂਨ ਸ਼ੀਜਨ ਨੂੰ ਧਿਆਨ ਵਿੱਚ ਰੱਖਦਿਆ ਹੋਇਆ ਜਿਲ੍ਹੇ ਨੂੰ ਹਰਿਆ-ਭਰਿਆ ਬਣਾਉਣ ਲਈ ਵੱਖ-ਵੱਖ ਥਾਵਾਂ ਵਿੱਚ ਪਲਾਂਟੇਸ਼ਨ ਕਰਵਾਉਣ ਲਈ 10 ਲੱਖ ਬੂਟੇ ਲਗਾਉਣ ਦਾ ਜੋ ਟੀਚਾ ਮਿੱਥਿਆ ਗਿਆ ਸੀ ਦੇ ਸਬੰਧ ਵਿੱਚ ਅੱਜ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਨਿਕਾਸ ਕੁਮਾਰ ਨੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਰੀਵਿਊ ਮੀਟਿੰਗ ਕੀਤੀ ਅਤੇ ਹਦਾਇਤ ਕੀਤੀ ਕਿ ਉਹ ਬੂਟਿਆਂ ਦੀ ਮੰਗ ਅਨੁਸਾਰ ਜਿਲ੍ਹਾ ਜੰਗਲਾਤ ਵਿਭਾਗ ਤੋਂ ਬੂਟੇ ਪ੍ਰਾਪਤ ਕਰਨ। ਸਮੂਹ ਵਿਭਾਗਾਂ ਦੇ ਮੁੱਖੀਆਂ ਨਾਲ ਮੀਟਿੰਗ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਨਿਕਾਸ ਕੁਮਾਰ ਨੇ ਕਿਹਾ ਵੱਖ-ਵੱਖ ਵਿਭਾਗਾਂ ਵਲੋਂ ਬੂਟੇ ਲਗਾਉਣ ਲਈ ਜੋ ਮੰਗ ਕੀਤੀ ਗਈ ਹੈ ਉਸ ਅਨੁਸਾਰ ਵਿਭਾਗਾਂ ਨੂੰ ਬੂਟੇ ਮੁਹੱਈਆ ਕਰਵਾਏ ਜਾਣਗੇ। ਉਨਾਂ ਦੱਸਿਆ ਕਿ ਬੂਟੇ ਲਗਾਉਣ ਦਾ ਕੰਮ ਮਹਾਤਮਾਂ ਗਾਂਧੀ ਨਰੇਗਾ ਸਕੀਮ ਅਧੀਨ ਵੀ ਕੀਤਾ ਜਾਵੇਗਾ। ਉਨਾਂ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਜਿਲ੍ਹੇ ਵਿੱਚ ਪਲਾਂਟੇਸ਼ਨ ਕਰਵਾਉਣ ਲਈ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਹਰੇਕ ਖਾਲੀ ਥਾਂ ਭਾਵ ਸਰਕਾਰੀ ਬਿਲਡਿੰਗਾਂ, ਹਸਤਪਤਾਲ, ਸਕੂਲ, ਪੰਚਾਇਤੀ ਜ਼ਮੀਨ ਰੋਡ ਸਾਈਡ ਜਿਸ ਉਪਰ ਪਲਾਂਟੇਸ਼ਨ ਕਰਵਾਈ ਜਾ ਸਕੇ ਦੀ ਸ਼ਨਾਖਤ ਅਨੁਸਾਰ ਬੂਟੇ ਲਗਾਉਣ। ਉਨਾਂ ਦੱਸਿਆ ਕਿ ਕੇਵਲ ਪੌਦੇ ਲਗਾਉਣ ਤੱਕ ਹੀ ਕੰਮ ਸੀਮਤ ਨਹੀਂ ਰਹਿਣਾ ਚਾਹੀਦਾ ਬਲਕਿ ਇਨਾਂ ਦੀ ਦੇਖਭਾਲ ਕਰਨਾ ਵੀ ਸਾਡਾ ਫਰਜ਼ ਹੈ। ਉਨਾਂ ਕਿਹਾ ਕਿ ਸਾਡਾ ਸਭ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਅਸੀਂ ਵਾਤਾਵਰਨ ਨੂੰ ਬਚਾਉਣ ਲਈ ਅੱਗੇ ਆਈਏ ਤਾਂ ਜੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਵੱਛ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ। ਇਨ੍ਹਾਂ ਬੂਟਿਆਂ ਨਾਲ ਵਾਤਾਵਰਨ ਸਾਫ਼-ਸੁਥਰਾ ਰਹੇਗਾ ਤੇ ਭਵਿੱਖ ਵਿੱਚ ਗਰਮੀ ਤੋਂ ਰਾਹਤ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਲਾਹੇਵੰਦ ਹੋਣਗੇ। ਉਨਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਜਿਲ੍ਹੇ ਵਿੱਚ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਇਸ ਸਬੰਧੀ ਬੀ.ਐਸ.ਐਫ. ਦਾ ਸਹਿਯੋਗ ਵੀ ਲਿਆ ਜਾਵੇ। ਉਨਾਂ ਕਿਹਾ ਕਿ ਸਮੂਹ ਵਿਭਾਗ ਆਪਣੀਆਂ ਖਾਲੀ ਪਈਆਂ ਥਾਵਾਂ ਤੇ ਬੂਟੇ ਲਗਾਉਣ ਲਈ ਨਿਸ਼ਾਨਦੇਹੀ ਕਰਨ ਅਤੇ ਆਪਣੀ ਜ਼ਰੂਰਤ ਅਨੁਸਾਰ ਜੰਗਲਾਤ ਵਿਭਾਗ ਤੋਂ ਬੂਟੇ ਪ੍ਰਾਪਤ ਕਰਨ। ਇਸ ਮੀਟਿੰਗ ਵਿੱਚ ਐਸ.ਡੀ.ਐਮ. ਅਜਨਾਲਾ ਸ: ਅਰਵਿੰਦਰ ਪਾਲ ਸਿੰਘ, ਜਿਲ੍ਹਾ ਜੰਗਲਾਤ ਅਫ਼ਸਰ ਸ: ਅਮਨੀਤ ਸਿੰਘ, ਐਕਸੀਐਨ ਪ੍ਰਦੂਸ਼ਣ ਵਿਭਾਗ ਸ੍ਰੀ ਸੁਖਦੇਵ ਸਿੰਘ, ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀ ਸੰਦੀਪ ਮਲਹੋਤਰਾ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਤਿੰਨ ਦਹਾਕਿਆਂ ਦੌਰਾਨ ਅਕਾਲੀ ਦਲ ਦਾ ਪੰਥਕ ਮੁਹਾਂਦਰਾ ਵਿਗਾੜਣ ਵਿੱਚ ਮੁੱਖ ਰੂਪ ਵਿੱਚ ਦੋਸ਼ੀ

# ਅਕਾਲੀ ਦਲ ਦੀ ਵਿਗੜੀ ਸਵਾਰਨ ਵਾਲੀ ਮੁਹਿੰਮ ਦੇ ਮੋਢੀ ਬਣੇ ਨਜ਼ਰ ਆ ਰਹੇ ਹਨ



**"ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥**
**ਨਾਨਕ ਹੁਕਮੁ ਨ ਬੁਝਈ , ਅੰਧਾ ਕਹੀਐ ਸੋਇ ॥**

ਅੱਜ ਕੱਲ ਅਕਾਲੀ ਦਲ ਦੇ ਪੰਥਕ ਸਰੂਪ ਨੂੰ ਬਹਾਲ ਕਰਨ ਦਾ ਮਸਲਾ ਬਹੁਤ ਚਰਚਾ ਵਿੱਚ ਹੈ। ਹੈਰਾਨੀ ਦੀ ਗੱਲ ਇਹ ਹੈ ਜਿਹੜੇ ਅਕਾਲੀ ਆਗੂ ਆਪਣੇ ਰਾਜਸੀ ਸਵਾਰਥਾਂ ਅਤੇ ਰੁਤਬਿਆਂ ਦੀ ਬੇਕਾਬੂ ਹਵਸ਼ ਦਾ ਸ਼ਿਕਾਰ ਹੋ ਕੇ ਪਿੱਛਲੇ ਤਿੰਨ ਦਹਾਕਿਆਂ ਦੌਰਾਨ ਅਕਾਲੀ ਦਲ ਦਾ ਪੰਥਕ ਮੁਹਾਂਦਰਾ ਵਿਗਾੜਣ ਵਿੱਚ ਮੁੱਖ ਰੂਪ ਵਿੱਚ ਦੋਸ਼ੀ ਸਨ,ਅੱਜ ਉਹ ਹੀ ਅਕਾਲੀ ਦਲ ਦੀ ਵਿਗੜੀ ਸਵਾਰਨ ਵਾਲੀ ਮੁਹਿੰਮ ਦੇ ਮੋਢੀ ਬਣੇ ਨਜ਼ਰ ਆ ਰਹੇ ਹਨ । ਸਵਾਲ ਹੈ ਕਿ ਉਹ ਅਜਿਹਾ ਕਰਨ ਲਈ ਕਿਉਂ ਮਜਬੂਰ ਹੋਏ ? ਸਵਾਲ ਇਹ ਵੀ ਹੈ ,ਕੀ ਅੱਜ ਉਹਨਾਂ ਦੀ ਰੂਹ ਵਿੱਚ ਕਮਾਏ ਗੁਨਾਹਾਂ ਦੇ ਪਸ਼ਚਾਤਾਪ ਦਾ ਅਹਿਸਾਸ ਉਹਨਾਂ ਨੂੰ ਅਜਿਹਾ ਕਰਨ ਲਈ ਪ੍ਰੇਰ ਰਿਹਾ ? ਇਸਦੇ ਨਾਲ ਸੁਹਿਰਦ ਲੋਕਾਂ ਦੇ ਮਨਾਂ ਵਿੱਚ ਇਹ ਸਵਾਲ ਵੀ ਜ਼ਰੂਰ ਰੜਕਦਾ ਹੋਵੇਗੇ ਕੀ ਅਕਾਲ ਤਖਤ ਜਾਂ ਉੱਥੇ ਬੈਠਾ ਜੱਥੇਦਾਰ ਕੋਈ ਵਾਸ਼ਿੰਗ ਮਸ਼ੀਨ ਹੈ ਜੋ ਕੁੱਝ ਪਲਾਂ ਵਿੱਚ ਇਹਨਾਂ ਦੇ ਦਹਾਕਿਆਂ ਵਿੱਚ ਕਮਾਏ ਗੁਨਾਹਾਂ ਨੂੰ ਧੋਣ ਦੀ ਸਮੱਰਥਾ ਰੱਖਦਾ ਹੈ । ਇਸਦੇ ਨਾਲ ਪੰਥ ਦਰਦੀ ਇਹ ਵੀ ਜ਼ਰੂਰ ਸੋਚਦੇ ਹੋਣਗੇ ਕਿ ਅਕਾਲ ਤਖਤ ਸਾਹਿਬ ਅਤੇ ਦੂਜੇ ਤਖਤਾਂ ਉਪਰ ਬੈਠੇ ਧਾਰਮਿਕ ਆਗੂ ਅਤੇ ਉਹਨਾਂ ਤੋਂ ਪਹਿਲਾਂ ਇਹਨਾਂ ਰੁਤਬਿਆਂ ਉੱਪਰ ਬੈਠੇ ਵਿਅਕਤੀਆਂ ਨੂੰ ਪਿਛਲੇ ਸਮੇਂ ਦੌਰਾਨ ਅਕਾਲੀ ਦਲ ਸਮੇਤ ਦੂਜੀਆਂ ਸਿੱਖ ਸੰਸਥਾਵਾਂ ਦੀ ਮਾਣ ਮਰਿਯਾਦਾ ਨੂੰ ਰੋਲਣ ਦੇ ਦੋਸ਼ ਤੋ ਆਜ਼ਾਦ ਕੀਤਾ ਜਾ ਸਕਦਾ ਹੈ ? ਦਰਅਸਲ ਇੱਥੇ ਮਸਲਾ ਇੱਕ ਸੰਸਥਾ ਜਾ ਆਗੂ ਦੇ ਕਿਰਦਾਰ ਦਾ ਨਹੀਂ ਬਲਕਿ ਆਵਾ ਹੀ ਊਤ ਗਿਆ ਹੈ ।ਸੋ ਆਪਾ ਅਕਾਲੀ ਦਲ ਦੇ ਪੰਥਕ ਸਰੂਪ ਦੀ ਬਹਾਲੀ ਵਾਲੇ ਮੂਲ ਮੁੱਦੇ ਦੀ ਹੀ ਵਿਚਾਰ ਕਰਦੇ ਹਾਂ । ਇਸ ਗੱਲ ਵਿੱਚ ਕੋਈ ਸ਼ੱਕ ਨਹੀ ਕਿ ਅਕਾਲੀ ਦਲ ਦੀ ਮਜ਼ਬੂਤੀ ,ਉਸਦੇ ਪੁਰਾਤਨ ਜੱਥੇਬੰਦਕ ਅਤੇ ਸਿਧਾਂਤਕ ਸਰੂਪ ਦੀ ਬਹਾਲੀ ਪੰਥ ਅਤੇ ਪੰਜਾਬ ਦੇ ਸੁਨਹਿਰੇ ਭਵਿੱਖ ਲਈ ਬਹੁਤ ਜ਼ਰੂਰੀ ਹੈ ।ਇਹ ਵੀ ਸੱਚ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਇੱਕ ਨਿੱਗਰ ਭੂਮਿਕਾ ਨਿਭਾ ਸਕਦਾ ਹੈ ।ਪਰ ਇਸਦੇ ਨਾਲ ਇਹ ਵੀ ਚਿੱਟੇ ਦਿਨ ਵਰਗਾ ਸੱਚ ਹੈ ਕਿ ਸੁਖਬੀਰ ਸਮੇਤ ਅਕਾਲੀ ਦਲ ਦੀ ਪਹਿਲੀ ਕਤਾਰ ਦੇ ਬਦਨਾਮ ਅਤੇ ਇਖਲਾਕੀਹੀਣ ਆਗੂਆਂ ਦੀ ਅਗਵਾਈ ਨੂੰ ਕਬੂਲਦੇ ਹੋਏ ,ਇਸ ਮਿੱਥੇ ਟੀਚੇ ਨੂੰ ਕਦੇ ਵੀ ਹਾਸਲ ਨਹੀ ਕੀਤਾ ਜਾ ਸਕਦਾ ।ਇਹ ਆਗੂ ਜੋ ਬੀਤੇ ਤਿੰਨ ਦਹਾਕੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਪੰਥਕ ਸੰਸਥਾਵਾਂ ਦੀ ਸ਼ਾਨ ਨੂੰ ਰੋਲਣ ਲਈ ਜੁਮੇਵਾਰ ਹਨ,ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋ ਧਾਰਮਿਕ ਸਜ਼ਾ ਲਵਾਉਣ ਦਾ ਪਾਖੰਡ ਸਿਰਜ ਕੇ ਆਪਣੇ ਡੁੱਬ ਰਹੇ ਸਿਆਸੀ ਕੈਰੀਅਰ ਨੂੰ ਬਚਾਉਣ ਲਈ ਤਰਲੋਮੱਛੀ ਹੋ ਰਹੇ ਹਨ ।ਸਿੱਖ ਕੌਮ ਐਨੀ ਨਾਦਾਨ ਨਹੀਂ ਹੈ ,ਸ਼ੋਸ਼ਲ ਮੀਡੀਏ ਦਾ ਯੁੱਗ ਹੈ ।ਹੁਣ ਅੱਗੇ ਵਾਲੀ ਗੱਲ ਨਹੀ ਰਹੀ ਕਿ ਕਾਮਰੇਡ ਹਮਦਰਦ ਅਤੇ ਕਾਮਰੇਡ ਹਰਚਰਨ ਬੈਂਸ ਵਰਗੇ ਚਾਣਕੀਏ ਆਪਣੀ ਚਤਰ ਚਲਾਕੀ ਨਾਲ ਤੁਹਾਨੂੰ ਇਸ ਸੰਕਟ ਵਿੱਚੋਂ ਕੱਢ ਕੇ ਫਿਰ ਸਤ੍ਹਾਂ ਦੇ ਦੁਆਰ ਵੱਲ ਲੈ ਜਾਣਗੇ ।ਹੁਣ ਤਾਂ ਸੱਚੇ ਮਨ ਤੋਂ ਪੰਥ ਨੂੰ ਸਮਰਪਿਤ ਹੋਏ ਬਿਨਾਂ ਹੱਲ ਦੀ ਆਸ ਕਰਨੀ ਮਹਾ ਮੂਰਖਤਾ ਹੋਵੇਗੀ ।ਇਸ ਤੋਂ ਇਲਾਵਾ ਅਕਾਲੀ ਦੇ ਦੋ ਧੜਿਆਂ ਦੀ ਨਹੀਂ ਸਗੋ ਸਮੁੱਚੇ ਪੰਥ ਦੀ ਏਕਤਾ ਦਾ ਸਵਾਲ ਲੈ ਕੇ ਅੱਗੇ ਵਧਣਾ ਪਵੇਗਾ । ਹੁਣ ਆਪਾਂ ਪੰਥਕ ਏਕਤਾ ਦੇ ਸੁਝਾਂਵ ਵੱਲ ਆਉਂਦੇ ਹਾਂ । ਸਭ ਤੋਂ ਪਹਿਲਾਂ ਸਵੈ-ਹਿੱਤਾਂ ਨੂੰ ਤਿਆਗ ਕੇ ਅਤੇ ਏਕਤਾ ਦਾ ਦ੍ਰਿੜ ਵਿਸ਼ਵਾਸ ਮਨ ਵਿੱਚ ਲੈ ਕੇ ਸਾਰੇ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਜੁੜਨ ।ਪੰਥਕ ਰਵਾਇਤਾਂ ਅਤੇ ਹਾਲਾਤ ਦੀ ਗੰਭੀਰਤਾ ਨੂੰ ਦੇਖਦੇ ਨਿਰਪੱਖ ਰਾਏ ਇਹੀ ਬਣਦੀ ਹੈ ਕਿ ਵੱਖ-ਵੱਖ ਅਕਾਲੀ ਧੜਿਆਂ ਨੂੰ ਪੰਜ-ਪੰਜ ਪੰਥਕ ਸ਼ਖਸ਼ੀਅਤਾਂ ਦੇ ਨਾਮ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇ ।ਪਰ ਸ਼ਰਤ ਇਹ ਹੋਵੇ ਕਿ ਇਹਨਾਂ ਨਾਵਾਂ ਵਿੱਚ ਕਿਸੇ ਵੀ ਧੜੇ ਦਾ ਮੌਜੂਦਾ ਮੁੱਖੀ ਜਾ ਗੁਨਾਹਾਂ ਵਿੱਚ ਸ਼ਾਮਲ ਕੋਈ ਆਗੂ ਨਾ ਹੋਵੇ ।ਸਾਰੇ ਧੜਿਆਂ ਵੱਲੋਂ ਸੁਝਾਏ ਪੰਜ-ਪੰਜ ਨਾਵਾਂ ਦੀਆਂ ਪਰਚੀਆਂ ਪਾ ਕੇ ਪੰਜ ਪਰਚੀਆਂ ਚੁਣੀਆਂ ਜਾਣ ।ਇਸ ਚੋਣ ਤੋ ਬਾਅਦ ਮਿਥੇ ਸਮੇਂ ਅੰਦਰ ਇਹਨਾਂ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਅਕਾਲੀ ਦਲ ਦੀ ਉਸਦੇ ਪੁਰਾਤਨ ਸੰਵਿਧਾਨ ਮੁਤਾਬਕ ਭਰਤੀ ਕਰਾ ਕੇ ਪੁਨਰ ਗਠਨ ਕੀਤਾ ਜਾਵੇ ।ਇਹਨਾਂ ਪੰਜਾਂ ਦੀ ਅਗਵਾਈ ਵਿੱਚ ਹੀ ਆਉਣ ਵਾਲੀਆਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜੀਆਂ ਜਾਣ ।ਇਹਨਾਂ ਪੰਜਾਂ ਦੀ ਚੋਣ ਤੋਂ ਬਾਅਦ ਇਹ ਤਖਤਾਂ ਦੇ ਜੱਥਦਾਰਾਂ ਨੂੰ ਵੀ ਸੇਵਾ ਮੁਕਤ ਹੋਣ ਦਾ ਹੁਕਮ ਕਰਨ ਅਤੇ ਅਕਾਲੀ ਦਲ ਦੀ ਪੁਨਰ ਸਥਾਪਤੀ ਅਤੇ ਗੁਰਦੁਆਰਾ ਕਮੇਟੀ ਦੀ ਨਵੀ ਚੋਣ ਤੋ ਬਾਅਦ ਪੰਥਕ ਰਵਾਇਤਾਂ ਮੁਤਾਬਿਕ ਤਖਤਾਂ ਦੇ ਜੱਥੇਦਾਰਾਂ ਦੀ ਨਿਯੁਕਤੀ ਕੀਤੀ ਜਾਵੇ ।ਉਦੋਂ ਤੱਕ ਸਾਰੀ ਰਾਜਸੀ ਅਤੇ ਧਾਰਮਿਕ ਅਗਵਾਈ ਚੁਣੇ ਪੰਜਾਂ ਦੇ ਹੱਥ ਰਹੇ ਅਤੇ ਇਹ ਪੰਜ ਆਪਣੀ ਸਹਾਇਤਾ ਲਈ ਵੱਖ ਵੱਖ ਕਮੇਟੀਆਂ ਬਣਾ ਕੇ ਮਿੱਥੇ ਟੀਚੇ ਨੂੰ ਮਿਥੇ ਸਮੇਂ ਵਿੱਚ ਪੂਰਾ ਕਰਨ।



ਆਵਾਜ਼ਿ ਕੌਮ AWAZE QAUM International Newspaper & WEB TV

## ਵਿਚਾਰ ਆਪੋ-ਆਪਣਾ



**-ਅਮਰੀਕ ਸਿੰਘ ਮੁਕਤਸਰ**

# ਪਿੰਡ ਮਲਕਾਣਾ ਵਿਖੇ ਮੀਂਹ ਪਵਾਉਣ ਲਈ ਮਹਿਲਾਵਾਂ ਨੇ ਲੀਰਾਂ ਦੀ ਗੁੱਡੀ ਫੂਕੀ



**ਤਲਵੰਡੀ ਸਾਬੋ, 01 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਪਿੰਡ ਮਲਕਾਣਾ ਵਿਖੇ ਮੀਂਹ ਪਵਾਉਣ ਲਈ ਅੱਜ ਦੇਰ ਸ਼ਾਮ ਮਹਿਲਾਵਾਂ ਵਲੋਂ ਲੀਰਾਂ ਦੀ ਗੁੱਡੀ ਫੂਕੀ ਗਈ। ਪਿੰਡ ਦੇ ਬਜ਼ੁਰਗਾਂ ਦੇ ਦੱਸਣ ਮੁਤਾਬਿਕ ਪੁਰਾਤਨ ਸਮੇਂ ਵਿਚ ਲੋਕਾਂ ਵਲੋਂ ਦੇਵੀ-ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਕਈ ਤਰ੍ਹਾਂ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਇਨ੍ਹਾਂ ਵਿਚੋਂ ਕਈ ਰਸਮਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਅੱਜ ਵੀ ਪੰਜਾਬ ਦੇ ਕਈ ਪਿੰਡਾਂ ਵਿਚ ਲੋਕ ਅਪਣੇ ਪੁਰਖਿਆਂ ਦੀ ਵਿਰਾਸਤ ਸਮਝ ਕੇ ਸ਼ਿੱਦਤ ਨਾਲ ਨਿਭਾਉਂਦੇ ਦੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਦੀ ਇਕ ਰਸਮ ਹੈ 'ਲੀਰਾਂ ਦੀ ਗੁੱਡੀ ਫੂਕਣਾ'। ਇਹ ਰਸਮ ਅੱਜ ਵੀ ਪਿੰਡਾਂ ਦੀਆਂ ਮਹਿਲਾਵਾਂ ਵਲੋਂ ਨਿਭਾਈ ਜਾਂਦੀ ਹੈ। ਗਰਮੀ ਦਾ ਮੌਸਮ ਚੱਲ ਰਿਹਾ ਤੇ ਬਾਰਿਸ਼ ਨਾ ਹੋਣ ਕਾਰਨ ਅੱਜ ਪਿੰਡ ਵਿਚ ਮਹਿਲਾਵਾਂ ਵਲੋਂ ਮੀਂਹ ਪਵਾਉਣ ਲਈ ਲੀਰਾਂ ਦੀ ਗੁੱਡੀ ਫੂਕੀ ਗਈ। ਇਸ ਮੌਕੇ ਮਹਿਲਾਵਾਂ ਨੇ ਕਿਹਾ ਕਿ ਸਾਨੂੰ ਪੂਰਾ ਯਕੀਨ ਹੈ ਕਿ ਗੁੱਡੀ ਫੂਕਣ ਤੋਂ ਬਾਅਦ ਮੀਂਹ ਜ਼ਰੂਰ ਪਵੇਗਾ। ਉਨ੍ਹਾਂ ਕਿਹਾ ਕਿ ਅੱਜ ਦੀ ਪੀੜ੍ਹੀ ਨੂੰ ਵੀ ਇਨ੍ਹਾਂ ਪੁਰਾਣੀਆਂ ਰਸਮਾਂ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਹ ਅੰਧਵਿਸ਼ਵਾਸ ਨਹੀਂ ਹੈ, ਇਹ ਇਕ ਰੀਤ ਹੈ ਜੋ ਸਾਡੀਆਂ ਕਈ ਪੀੜ੍ਹੀਆਂ ਵਲੋਂ ਨਿਭਾਈ ਜਾ ਰਹੀ ਹੈ ਤੇ ਅਸੀਂ ਅਪਣੇ ਪੁਰਖਿਆਂ ਦੀ ਵਿਰਾਸਤ ਨੂੰ ਅੱਗੇ ਤੋਰ ਰਹੇ ਹਾਂ। ਇਸ ਰਸਮ ਦਾ ਆਉਣ ਵਾਲੀਆਂ ਪੀੜ੍ਹੀਆਂ 'ਤੇ ਕੋਈ ਮਾੜਾ ਅਸਰ ਨਹੀਂ ਹੋਵੇਗਾ। ਲੀਰਾਂ ਦੀ ਗੁੱਡੀ ਬਣਾ ਕੇ ਉਸ ਨੂੰ ਅਰਥੀ ਵਾਂਗ ਚੁੱਕ ਕੇ ਪਿੰਡੋਂ ਬਾਹਰ ਲਿਆ ਕੇ ਫੂਕਿਆ ਗਿਆ। ਇਸ ਤੋਂ ਬਾਅਦ ਸਾਰੀਆਂ ਮਹਿਲਾਵਾਂ ਨੇ ਮਿਲ ਕੇ ਰੱਬ ਅੱਗੇ ਮੀਂਹ ਲਈ ਅਰਦਾਸ ਕੀਤੀ। ਇਸ ਮੌਕੇ ਪਿੰਡ ਦੇ ਸਮਾਜ ਸੇਵੀ ਅੰਮ੍ਰਿਤਪਾਲ ਵੀ ਮੌਜੂਦ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

# ਮੋਬਾਈਲ ਕੰਪਨੀਆਂ ਦੀ ਤਰਜ਼ 'ਤੇ ਖਪਤਕਾਰਾਂ ਨੂੰ ਬਿਜਲੀ ਕੰਪਨੀਆਂ ਦੀ ਚੋਣ ਕਰਨ ਦਾ ਅਧਿਕਾਰ ਦੇਣ ਲਈ ਮੀਟਰਾਂ ਨਾਲ ਪ੍ਰਦਰਸ਼ਨ




**ਨਵੀਂ ਦਿੱਲੀ, 1 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਨੈਸ਼ਨਲ ਅਕਾਲੀ ਦਲ ਨੇ ਬੀਤੇ ਦਿਨੀਂ ਜੰਤਰ-ਮੰਤਰ ਵਿਖੇ ਬਿਜਲੀ ਦੇ ਮੀਟਰਾਂ ਨਾਲ ਹੋ ਰਹੀ ਲੁੱਟ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਅਤੇ ਸਰਕਾਰ ਤੋਂ ਇਨ੍ਹਾਂ ਕੰਪਨੀਆਂ 'ਤੇ ਲਗਾਮ ਕੱਸਣ ਦੀ ਮੰਗ ਕੀਤੀ। ਇਸ ਮੌਕੇ ਕੌਮੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੇ ਪ੍ਰਬੰਧ ਕੀਤੇ ਜਾਣ ਤਾਂ ਜੋ ਖਪਤਕਾਰਾਂ ਨੂੰ ਮੋਬਾਈਲ ਕੰਪਨੀਆਂ ਦੀ ਤਰਜ਼ 'ਤੇ ਬਿਜਲੀ ਕੰਪਨੀਆਂ ਦੀ ਚੋਣ ਕਰਨ ਦਾ ਮੌਕਾ ਮਿਲ ਸਕੇ। ਇਸ ਨਾਲ ਖਪਤਕਾਰਾਂ ਨੂੰ ਕਾਫੀ ਰਾਹਤ ਮਿਲੇਗੀ ਅਤੇ ਖਪਤਕਾਰਾਂ ਨੂੰ ਫਾਇਦਾ ਹੋਵੇਗਾ ।ਪਰਮਜੀਤ ਸਿੰਘ ਪੰਮਾ ਦੀ ਪ੍ਰਧਾਨਗੀ ਹੇਠ ਪਾਰਟੀ ਵਰਕਰਾਂ ਨੇ ਪ੍ਰਦਰਸ਼ਨ ਕੀਤਾ ਅਤੇ ਬਿਜਲੀ ਕੰਪਨੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਹੱਥਾਂ ਵਿੱਚ ਬਿਜਲੀ ਕੰਪਨੀਆਂ ਦੀ ਮਨਮਾਨੀ ਬੰਦ ਕਰਨ ਅਤੇ ਬਿਜਲੀ ਦੇ ਬਿੱਲਾਂ ਨੂੰ ਜੀਐਸਟੀ ਤੋਂ ਮੁਕਤ ਕਰਨ ਸਬੰਧੀ ਤਖ਼ਤੀਆਂ ਅਤੇ ਬੈਨਰ ਫੜੇ ਹੋਏ ਸਨ। ਪ੍ਰਦਰਸ਼ਨਕਾਰੀ ਜਿਵੇਂ ਹੀ ਸੰਸਦ ਭਵਨ ਵੱਲ ਵਧਣ ਲੱਗੇ ਤਾਂ ਪੁਲਸ ਨੇ ਉਨ੍ਹਾਂ ਨੂੰ ਸੰਸਦ ਮਾਰਗ ਥਾਣੇ ਅੱਗੇ ਰੋਕ ਲਿਆ ਅਤੇ ਪੰਮਾ ਦੀ ਅਗਵਾਈ 'ਚ ਕੇਂਦਰ ਸਰਕਾਰ ਦੇ ਬਿਜਲੀ ਮੰਤਰੀ ਨੂੰ ਮੰਗ ਪੱਤਰ ਦਿੱਤਾ ਗਿਆ ਜਿਸ 'ਚ ਉਪਰੋਕਤ ਮੰਗ ਕੀਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਜੇਲ ਚ' ਨਜ਼ਰਬੰਦ ਬਾਰਾਮੁੱਲਾ ਤੋਂ ਜੇਤੂ ਰਾਸ਼ਿਦ ਇੰਜੀਨੀਅਰ ਵਾਂਗ

# ਭਾਈ ਅੰਮ੍ਰਿਤਪਾਲ ਸਿੰਘ ਨੂੰ ਵੀ ਲੋਕ ਸਭਾ ਮੈਂਬਰ ਵਜੋਂ ਸੌਂਹ ਚੁੱਕਣ ਦੀ ਇਜਾਜ਼ਤ ਦੇਵੇ ਭਾਰਤ ਸਰਕਾਰ : ਪੰਥਕ ਆਗੂਆਂ ਦੀ ਮੰਗ



**ਅੰਮ੍ਰਿਤਸਰ 1 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਵਾਰਿਸ ਪੰਜਾਬ ਦੀ ਜਥੇਬੰਦੀ ਦੇ ਮੁੱਖ ਆਗੂ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਵੱਲੋਂ ਚਲਾਈ ਗਈ ਖਾਲਸਾ ਵਹੀਰ ਦੇ ਅੰਤਰਗਤ ਪੰਥਕ ਆਗੂਆਂ ਵੱਲੋਂ ਪੰਥਕ ਸੁਨੇਹੇ ਨੂੰ ਘਰ-ਘਰ ਭੇਜ ਕੇ ਲਾਮਬੰਦ ਕਰਨ ਵਾਸਤੇ ਇਕੱਤਰ ਹੋਏ ਵੱਖ ਵੱਖ ਧੜਿਆਂ ਦੇ ਪੰਥਕ ਆਗੂਆਂ ਨੇ ਜਿਥੇ ਐਨ ਆਈ ਏ ਵੱਲੋਂ ਜੰਮੂ ਕਸ਼ਮੀਰ ਦੇ ਬਾਰਾਮੁੱਲਾ ਤੋਂ ਜੇਤੂ ਉਮੀਦਵਾਰ ਰਾਸ਼ਿਦ ਇੰਜੀਨੀਅਰ ਨੂੰ ਅਦਾਲਤ ਵੱਲੋਂ ਸੌਂਹ ਚੁੱਕਣ ਦੀ ਇਜਾਜ਼ਤ ਦੇਕੇ ਲੋਕਤੰਤਰ ਦੀ ਬਹਾਲੀ ਵੱਲ ਵਧਾਏ ਕਦਮਾਂ ਦਾ ਸੁਆਗਤ ਕੀਤਾ ਹੈ ਅਤੇ ਉਸਦੇ ਨਾਲ ਹੀ ਉਸੇ ਤਰਜ਼ ਤੇ ਮੰਗ ਕੀਤੀ ਹੈ ਕਿ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਨੂੰ ਵੀ ਸੰਵਿਧਾਨ ਮੁਤਾਬਕ ਸੌਂਹ ਚੁੱਕਣ ਦੀ ਇਜਾਜ਼ਤ ਦਿੱਤੀ ਜਾਵੇ। ਪੰਥਕ ਆਗੂਆਂ ਵੱਲੋਂ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਸਾਂਝੇ ਬਿਆਨ ਵਿੱਚ ਉਹਨਾਂ ਕਿਹਾ ਕਿ ਰਾਸ਼ਿਦ ਇੰਜੀਨੀਅਰ ਦੇ ਗੈਰ ਮੁਲਕੀ ਅੱਤਵਾਦੀ ਸੰਗਠਨਾਂ ਨਾਲ ਸਬੰਧਾਂ ਦੇ ਮੱਦੇਨਜ਼ਰ ਅਤੇ ਭਾਰਤੀ ਦੰਡਾਵਲੀ ਯੂ ਏ ਪੀ ਏ ਦੇ ਤਹਿਤ ਜੇਲ ਚ ਨਜ਼ਰਬੰਦ ਹੋਣ ਤੇ ਭਾਰਤ ਦੀ ਮੁੱਖ ਏਜੰਸੀ ਐਨ ਆਈ ਦਾ ਸੌਂਹ ਚੁੱਕਣ ਦੀ ਇਜਾਜ਼ਤ ਮਿਲਣ ਤੇ ਕੋਈ ਇਤਰਾਜ਼ ਨਾ ਜਤਾਉਣਾ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਉਮੀਦ ਨੂੰ ਹੋਰ ਵਧਾਉਂਦਾ ਹੈ ਕਿਉਂਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਤੇ ਅਜੇ ਤੱਕ ਕੋਈ ਵੀ ਅਜਿਹਾ ਸੰਗੀਨ ਜੁਰਮ ਆਇਦ ਨਹੀਂ ਹੈ। ਅੱਜ ਦੀ ਮੀਟਿੰਗ ਵਿੱਚ ਮੁੱਖ ਤੌਰ ਤੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਦੀ ਇਲੈਕਸ਼ਨ ਕੰਪੇਨ ਦੇ ਮੁੱਖ ਦਫ਼ਤਰ ਸਕੱਤਰ ਭਾਈ ਸੁਰਿੰਦਰਪਾਲ ਸਿੰਘ ਜੀ ਤਾਲਿਬਪੁਰਾ, ਭਾਈ ਹਰਜੀਤ ਸਿੰਘ ਜੀ ਪੁਰੇਵਾਲ ਪੁਰਾਣੇ ਫੈਡਰੇਸ਼ਨ ਆਗੂ ਤੇ ਸਿਆਸੀ ਮਾਮਲਿਆਂ ਦੇ ਮਾਹਿਰ, ਭਾਈ ਕੁਲਬੀਰ ਸਿੰਘ ਜੀ ਗੰਡੀਵਿੰਡ ( ਜੋਧਪੁਰੀ ), ਫੈਡਰੇਸ਼ਨ ਆਗੂ ਭਾਈ ਮਧੂਪਾਲ ਸਿੰਘ ਜੀ ਗੋਗਾ, ਭਾਈ ਮਨਜੀਤ ਸਿੰਘ ਜੀ ਠਰੂ ਰਾਜ ਖ਼ਾਲਸਾ, ਭਾਈ ਹਰਮਿੰਦਰ ਸਿੰਘ ਜੀ, ਭਾਈ ਆਦਰਸ਼ ਪਾਲ ਸਿੰਘ ਜੀ, ਭਾਈ ਸਤਵਿੰਦਰ ਸਿੰਘ ਜੀ ਸਾਂਘਣਾ ( ਸਾਬਕਾ ਮੈਂਬਰ ਪੰਚਾਇਤ), ਭਾਈ ਪਰਵਿੰਦਰ ਸਿੰਘ ਜੀ ਅੰਤਰਜਾਮੀ ਕਲੋਨੀ, ਭਾਈ ਮਨਜੀਤ ਸਿੰਘ ਜੀ ਸੈਣੀ, ਭਾਈ ਹਰਜੀਤ ਸਿੰਘ ਜੀ ਖ਼ਾਲਸਾ, ਭਾਈ ਗੁਰਜੀਤ ਸਿੰਘ ਕੋਹਾਲੀ, ਭਾਈ ਹਰੀ ਸਿੰਘ ਜੀ, ਭਾਈ ਹਰਪ੍ਰੀਤ ਸਿੰਘ ਜੀ, ਭਾਈ ਸੌਦਾਗਰ ਸਿੰਘ ਜੀ ਅਕਾਲੀ ਅਤੇ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਭਾਗ ਲਿਆ। ਮੀਟਿੰਗ ਦੌਰਾਨ ਕੀਤੇ ਵਿਚਾਰ ਵਟਾਂਦਰਿਆਂ ਦੌਰਾਨ ਸਮੂਹ ਮੈਂਬਰ ਸਾਹਿਬਾਨ ਨੇ ਜਲਦ ਹੀ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਪਿਤਾ ਸ੍ਰ ਤਰਸੇਮ ਸਿੰਘ ਜੀ ਨਾਲ ਉਹਨਾਂ ਦੇ ਜੱਦੀ ਪਿੰਡ ਜੱਲੂਪੁਰ ਖੈੜਾ ਵਿਖੇ ਪਹੁੰਚਕੇ ਅਗਲੇ ਪ੍ਰੋਗਰਾਮ ਦੀ ਰੂਪ ਰੇਖਾ ਉਲੀਕਣ ਲਈ ਮੀਟਿੰਗ ਕਰਨ ਬਾਰੇ ਕਿਹਾ ਅਤੇ ਇਸਦੇ ਨਾਲ ਹੀ ਸ੍ਰੋਮਣੀ ਅਕਾਲੀ ਦਲ ਬਾਦਲ ਤੇ ਉਸਤੋਂ ਬਾਗੀ ਹੋਏ ਧੜੇ ਦੀ ਸਿਆਸੀ ਜੋੜ ਤੋੜ ਤੇ ਵੀ ਆਪਣੇ ਵਿਚਾਰ ਰੱਖੇ। ਉਹਨਾਂ ਕਿਹਾ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਕੁਝ ਲੀਡਰਾਂ ਵੱਲੋਂ ਵੱਖਰੇ ਹੋਕੇ ਜੋ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹੋਕੇ ਮੁਆਫੀ ਮੰਗੀ ਗਈ ਹੈ ਉਹ ਮਹਿਜ਼ ਮੁਆਫੀ ਨਹੀਂ ਬਲਕਿ ਇਕਬਾਲ-ਏ-ਜੁਰਮ ਹੈ। ਜੋ ਅਕਾਲੀ ਦਲ ਬਾਦਲ ਨੂੰ ਪੰਥਕ ਸਫਾਂ ਵਿੱਚ ਹੋਰ ਨੰਗਿਆਂ ਕਰਦਾ ਹੈ ਅਤੇ ਕਿਹਾ ਕਿ ਅਕਾਲੀ ਦਲ ਬਾਦਲ ਸਿਆਸੀ ਜੋੜ ਤੋੜ ਕਰਕੇ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਉਠੇ ਪੰਥਕ ਉਭਾਰ ਨੂੰ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਇਸ ਮੌਕੇ ਤੇ ਦਫ਼ਤਰ ਸਕੱਤਰ ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰ ਅਤੇ ਭਾਈ ਹਰਜੀਤ ਸਿੰਘ ਜੀ ਪੁਰੇਵਾਲ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਰਿਹਾਈ ਨੂੰ ਲੈਕੇ ਪੰਜਾਬ ਦਾ ਸਿੱਖ ਯੂਥ ਬਹੁਤ ਹੀ ਆਸਵੰਦ ਹੈ ਅਤੇ ਉਹਨਾਂ ਦੇ ਆਉਣ ਨਾਲ ਸਿੱਖ ਸਿਆਸਤ ਦਾ ਨਵਾਂ ਸੂਰਜ ਚੜਨ ਦੀ ਆਸ ਹੈ।

ਸਿਆਸੀ ਜੋੜ ਤੋੜ ਨਾਲ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਹੱਕ ਉਠੇ ਪੰਥਕ ਉਭਾਰ ਨੂੰ ਖੋਰਾ ਲਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ

ਇਸਦੇ ਨਾਲ ਹੀ ਭਾਈ ਸ਼ਮਸ਼ੇਰ ਸਿੰਘ ਪੱਧਰੀ , ਭਾਈ ਕੁਲਬੀਰ ਸਿੰਘ ਜੀ ਗੰਡੀਵਿੰਡ ਅਤੇ ਭਾਈ ਮਧੂਪਾਲ ਸਿੰਘ ਜੀ ਗੋਗਾ ਨੇ ਬੀ ਜੇ ਪੀ ਆਗੂ ਜਗਮੋਹਨ ਸਿੰਘ ਰਾਜੂ ਵੱਲੋਂ ਸ੍ਰੀ ਦਰਬਾਰ ਦੀ ਪ੍ਰਕਰਮਾਂ ਵਿੱਚ ਯੋਗਾ ਕਰਕੇ ਗਈ ਬੀਬੀ ਦੇ ਹੱਕ ਵਿੱਚ ਬੋਲਣ ਤੇ ਉਸਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਅਤੇ ਕਿਹਾ ਕਿ ਬੀ ਜੇ ਪੀ ਦੇ ਆਗੂ ਜਗਮੋਹਨ ਸਿੰਘ ਰਾਜੂ ਦਾ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਯੋਗਾ ਕਰਨ ਵਾਲੀ ਬੀਬੀ ਦੇ ਹੱਕ ਵਿੱਚ ਬੋਲਣਾ ਬੀ ਦਜੇ ਪੀ ਦੀ ਅਸਲ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ, ਜੋ ਪੰਜਾਬ ਵਾਸਤੇ ਬੇਹੱਦ ਖਤਰਨਾਕ ਹੈ।

ਪੰਚਾਇਤੀ ਪੈਲੀ ਤੋਂ ਲੱਖਾਂ ਰੁਪਏ ਦਾ ਮਾਲਕ ਪਿੰਡ ਲੇਕਿਨ ਸ਼ਮਸ਼ਾਨਘਾਟ ਦੀ ਸੜਕ ਤੇ ਲੱਗੇ ਗੰਦਗੀ ਦੇ ਢੇਰ ਕਾਰਨ ਲੰਘਣਾ ਹੋਇਆ ਮੁਸ਼ਿਕਲ

# ਟਰੈਕਟਰ ਟਰਾਲੀ ਤੇ ਲਿਜਾਣਾ ਪਿਆ ਮ੍ਰਿਤਕ ਸਰੀਰ ਕੌਣ ਹੈ ਜਿੰਮੇਵਾਰ : ਵਿਰਦੀ

**ਜੰਡਿਆਲਾ ਗੁਰੂ, 1 ਜੁਲਾਈ (ਕੁਲਵੰਤ ਸਿੰਘ ਵਿਰਦੀ)**-ਹਲਕਾ ਜੰਡਿਆਲਾ ਦੇ ਅਧੀਨ ਆਉਂਦੇ ਪਿੰਡ ਤਾਰਾਗੜ੍ਹ ਦੀ ਪੰਚਾਇਤੀ ਜ਼ਮੀਨ ਤੋਂ ਲੱਖਾਂ ਰੁਪਏ ਆਮਦਨ ਹੋਣ ਦੇ ਬਾਵਜੂਦ ਪਿੰਡ ਤਾਰਾਗੜ੍ਹ ਦੇ ਸ਼ਮਸ਼ਾਨ ਘਾਟ ਦੀ ਇਕ ਕਿਲੋਮੀਟਰ ਦੇ ਕਰੀਬ ਸੜਕ ਵਿਚ ਲੱਗੇ ਗੰਦਗੀ ਦੇ ਢੇਰ ਨੇ ਲੱਗਭਗ 90 ਪ੍ਰਸੈਂਟ ਸੜਕ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ ਅਤੇ ਦੂਜੇ ਹਿੱਸੇ ਵਿਚ ਗੰਦੇ ਪਾਣੀ ਦਾ ਕੱਚਾ ਨਾਅਲਾ ਲੰਮੇ ਸਮੇਂ ਤੋਂ ਚੱਲਦਾ ਆ ਰਿਹਾ ਹੈ ਅਤੇ ਜਦੋਂ ਪਿੰਡ ਵਿੱਚੋਂ ਕੋਈ ਪ੍ਰਾਣੀ ਪਿੰਡ ਵਾਸੀ ਆਕਾਲ ਚਲਾਣਾ ਕਰ ਜਾਂਦਾ ਹੈ ਤਾਂ ਉਸ ਪ੍ਰਾਣੀ ਦੇ ਮਿਰਤਕ ਸਰੀਰ ਨੂੰ ਗੁਰਬਾਣੀ ਮੁਤਾਬਿਕ ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ ॥ਭਾਵ ਚਾਰ ਵਿਅਕਤੀ ਵੱਲੋਂ ਮੌਢਾ ਦੇ ਕਿ ਲਿਜਾਣਾ ਹੁੰਦਾ ਹੈ ਜਿਸ ਲਈ ਘੱਟ ਤੋਂ ਘੱਟ ਸੱਤ ਫੁੱਟ ਜਗ੍ਹਾ ਚਾਹੀਦੀ ਹੁੰਦੀ ਹੈ ਪਰ ਮਿਰਤਕ ਸਬੰਧੀ ਦਾ ਸਸਕਾਰ ਕਰਨ ਲਈ ਇਸ ਗੰਦਗੀ ਦੇ ਢੇਰ ਉਪਰ ਦੀ ਲੰਘ ਕਿ ਜਾਣਾ ਪੈਂਦਾ ਹੈ ਬੜੇ ਅਫਸੋਸ ਦੀ ਗੱਲ ਹੈ ਕਿ ਬੀਤੇ ਦਿਨ ਪਿੰਡ ਤਾਰਾਗੜ੍ਹ ਵਿਚ ਇੱਕ ਪ੍ਰਾਣੀ ਚੜ੍ਹਾਈ ਕਰ ਗਿਆ ਅਤੇ ਉਸ ਦੇ ਮਿਰਤਕ ਸਰੀਰ ਨੂੰ ਟਰੈਕਟਰ ਟਰਾਲੀ ਰਾਹੀਂ ਸ਼ਮਸ਼ਾਨ ਘਾਟ ਵਿਖੇ ਲਿਜਾਇਆ ਗਿਆ ਅਤੇ ਇਸ ਦੁੱਖ ਦੀ ਘੜੀ ਵਿੱਚ ਪ੍ਰੀਵਾਰ ਨਾਲ ਦੁੱਖ ਸਾਂਝਾ ਕਰਨ ਆਏ ਸਬੰਧੀਆਂ ਨੂੰ ਗੱਡੀਆਂ ਰਾਹੀਂ ਸ਼ਮਸ਼ਾਨ ਘਾਟ ਜਾਣਾ ਪਿਆ ਆਖ਼ਰ ਇਸ ਦਾ ਜ਼ਿੰਮੇਵਾਰ ਕੌਣ ਹੈ ਕਿਉਂਕਿ ਪਿੰਡ ਤਾਰਾਗੜ੍ਹ ਦੀਆਂ ਪੰਚਾਇਤਾਂ ਇਸ ਗੰਦਗੀ ਦੇ ਢੇਰ ਦਾ ਪੱਕੇ ਤੌਰ ਤੇ ਹੱਲ ਕਰਨ ਵਿੱਚ ਨਾਕਾਮਯਾਬ ਰਹੀਆਂ ਹਨ ਇੱਥੇ ਗੱਲ ਇੱਕ ਵਰਨਣਯੋਗ ਹੈ ਕਿ ਜਿਊਂਦੇ ਰਹਿਣ ਲਈ ਸਮੇਂ ਦੇ ਹਲਾਤਾਂ ਮੁਤਾਬਿਕ ਇਨਸਾਨ ਨੂੰ ਸੈਰ ਕਰਨੀ ਜ਼ਰੂਰੀ ਹੈ ਅਤੇ ਸ਼ੈਰ ਕਰਨ ਲਈ ਪਿੰਡਾਂ ਵਿੱਚ ਪਾਰਕਾਂ ਬਣ ਰਹੀਆਂ ਹਨ ਪਰ ਅਫਸੋਸ ਦੀ ਗੱਲ ਹੈ ਕਿ ਪਿੰਡ ਤਾਰਾਗੜ੍ਹ ਵਾਸੀਆਂ ਲਈ ਸ਼ਮਸ਼ਾਨ ਘਾਟ ਦੀ ਜਗ੍ਹਾ ਵਿੱਚ ਸ਼ਮਸ਼ਾਨ ਘਾਟ ਦੀ ਸਾਂਝੀ ਕੰਧ ਦੇ ਨਾਲ ਪਿੰਡ ਵਾਸੀਆਂ ਦੇ ਸ਼ੈਰ ਸਪਾਟੇ ਲਈ ਕਰੀਬ 6 ਲੱਖ 51 ਹਜ਼ਾਰ ਰੁਪਏ ਤੋਂ ਉਪਰ ਰੁਪਏ ਲਗਾ ਕੇ ਪਾਰਕ ਬਣਾਈ ਗਈ ਹੈ ਅਤੇ ਇਸੇ ਰਸਤੇ ਰਾਹੀਂ ਲੰਘ ਕੇ ਪਾਰਕ ਵਿੱਚ ਸੈਰ ਸਪਾਟਾ ਕਰਨ ਲਈ ਜਾਣਾ ਪਵੇਗਾ ਵੈਸੇ ਤਾਂ ਉਸ ਪਾਰਕ ਦਾ ਪਿੰਡ ਵਾਸੀਆਂ ਨੂੰ ਕੋਈ ਫਾਇਦਾ ਨਹੀਂ ਪਰ ਫਿਰ ਵੀ ਪਿੰਡ ਤਾਰਾਗੜ੍ਹ ਦੀ ਸ਼ਾਨ ਨੂੰ ਵਧਾਉਣ ਵਾਸਤੇ ਪਾਰਕ ਦੀ ਖਾਲੀ ਥਾਂ ਨੂੰ ਪੂਰਾ ਕੀਤਾ ਗਿਆ ਹੈ ਜੇਕਰ ਪਾਰਕ ਦੇ ਪੈਸੇ ਨੂੰ ਸਹੀ ਜਗ੍ਹਾ ਤੇ ਇਸਤੇਮਾਲ ਕੀਤਾ ਹੁੰਦਾ ਤਾਂ ਸ਼ਾਇਦ ਪਿੰਡ ਵਾਸੀ ਉਸ ਦਾ ਲਾਹਾ ਪ੍ਰਾਪਤ ਕਰ ਸਕਦੇ।




# ਹਿੰਦੂਤਵ ਹੁਕਮਰਾਨਾਂ ਵਲੋਂ ਆਈ.ਪੀ.ਸੀ ਦੀਆਂ ਧਰਾਵਾਂ ਨੂੰ ਬਦਲਕੇ ਭਾਰਤੀ ਨਿਆਯਾ ਸਨਹਿਤਾ ਅਧੀਨ ਨਵੀਆ ਧਰਾਵਾਂ ਲਾਗੂ ਕਰਨਾ ਮੁਲਕ ਦੇ ਹਿੱਤ ਵਿਚ ਨਹੀਂ : ਮਾਨ



**ਨਵੀਂ ਦਿੱਲੀ, 1 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- "ਭਾਰਤੀ ਵਿਧਾਨ ਅਧੀਨ ਲੰਮੇ ਸਮੇ ਤੋ ਆਈ.ਪੀ.ਸੀ ਦੀਆਂ ਚੱਲਦੀਆ ਆ ਰਹੀਆ ਕਾਨੂੰਨੀ ਧਰਾਵਾਂ ਨੂੰ ਬਦਲਕੇ ਹਿੰਦੂਤਵ ਹੁਕਮਰਾਨਾਂ ਵੱਲੋਂ ਕੱਟੜਵਾਦੀ ਹਿੰਦੂਤਵ ਸੋਚ ਨੂੰ ਲਾਗੂ ਕਰਨ ਹਿੱਤ ਜੋ ਬੀ.ਐਨ.ਐਸ. ਭਾਰਤੀ ਨਿਆਯਾ ਸਨਹਿਤਾ ਦੇ ਨਾਮ ਤੇ ਇਥੋ ਦੇ ਨਿਵਾਸੀਆ ਉਤੇ ਨਵੇ ਕਾਨੂੰਨ ਠੋਸੇ ਜਾ ਰਹੇ ਹਨ, ਇਸਦੀ ਸਾਨੂੰ ਸਮਝ ਨਹੀ ਆਉਦੀ ਕਿ ਹੁਕਮਰਾਨ ਅਜਿਹਾ ਤਾਨਾਸਾਹੀ ਵਰਤਾਰਾ ਜਮਹੂਰੀਅਤ ਪਸ਼ੰਦ ਮੁਲਕ ਵਿਚ ਕਿਸ ਮਕਸਦ ਦੀ ਪ੍ਰਾਪਤੀ ਲਈ ਕਰ ਰਹੇ ਹਨ ? ਜਦੋਕਿ ਮੁਸਲਿਮ ਧਰਮ ਜਾਂ ਬੁੱਧ ਧਰਮ ਨਾਲ ਸੰਬੰਧਤ ਲਿਪੀ, ਸ਼ਬਦਾਵਲੀ ਦੀ ਵੀ ਲੋਕਾਂ ਨੂੰ ਇਸ ਲਈ ਸਮਝ ਨਹੀ ਆ ਰਹੀ ਕਿਉਂਕਿ ਇਹ ਕਠਿਨ ਭਾਸਾਵਾਂ ਹਨ, ਜਦੋਕਿ ਸਿੱਖ ਧਰਮ ਦੀ ਸ਼ਬਦਾਵਲੀ ਅਤੇ ਲਿਪੀ ਐਨੀ ਸਰਲ ਹੈ ਕਿ ਸਭ ਨੂੰ ਸਮਝ ਵੀ ਆਉਣ ਵਾਲੀ ਹੈ ਅਤੇ ਸਰਬੱਤ ਦੇ ਭਲੇ ਦੇ ਮਿਸਨ ਨੂੰ ਮੁੱਖ ਰੱਖਕੇ ਚੱਲਦੀ ਹੈ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੌਜੂਦਾ ਇੰਡੀਆ ਦੀ ਮੋਦੀ ਹਕੂਮਤ ਵੱਲੋ ਲੰਮੇ ਸਮੇ ਤੋ ਕਾਨੂੰਨੀ ਖੇਤਰ ਵਿਚ ਚੱਲਦੀਆ ਆ ਰਹੀਆ ਆਈ.ਪੀ.ਸੀ ਦੀਆਂ ਧਰਾਵਾਂ ਨੂੰ ਖਤਮ ਕਰਨ ਦੀ ਨੀਅਤ ਨਾਲ ਆਪਣੇ ਬੀ.ਐਨ.ਐਸ. ਕੱਟੜਵਾਦੀ ਸ਼ਬਦਾਵਲੀ ਦੇ ਕਾਨੂੰਨਾਂ ਅਧੀਨ ਨਵੇ ਲਾਗੂ ਕੀਤੇ ਜਾ ਰਹੇ ਅਮਲਾਂ ਨੂੰ ਅਤਿ ਦੁੱਖਦਾਇਕ ਅਤੇ ਇਥੋ ਦੀ ਜਮਹੂਰੀਅਤ ਅਤੇ ਇਨਸਾਫ ਨੂੰ ਦਾਗੀ ਕਰਨ ਵਾਲੀਆ ਕਾਰਵਾਈਆ ਕਰਾਰ ਦਿੰਦੇ ਹੋਏ ਤੇ ਇਨ੍ਹਾਂ ਅਮਲਾਂ ਨੂੰ ਦਿਸ਼ਾਹੀਣ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਿਵੇ ਹੁਣ ਮੋਦੀ ਹਕੂਮਤ ਆਪਣੇ ਹਿੰਦੂ ਗ੍ਰੰਥਾਂ ਦੀ ਕਠਿਨ ਸ਼ਬਦਾਵਲੀ ਅਧੀਨ ਅਮਲ ਕਰ ਰਹੇ ਹਨ ਅਤੇ ਹਿੰਦੂਤਵ ਰਾਜ ਕਾਇਮ ਕਰਨਾ ਚਾਹੁੰਦੇ ਹਨ, ਹੁਣ ਇਥੋ ਦੇ ਨਿਵਾਸੀ ਬਨਾਰਸ ਜਾਂ ਵਾਰਨਾਸੀ ਜਾ ਕੇ ਪੰਡਿਤਾਂ ਕੋਲੋ ਪੁੱਛਿਆ ਕਰਨਗੇ ਕਿ ਇਹ ਫਲਾਣੀ ਧਾਰਾ ਕੀ ਕਹਿੰਦੀ ਹੈ ? ਇਥੇ ਇਹ ਵੀ ਵਰਣਨ ਕਰਨਾ ਜਰੂਰੀ ਹੈ ਕਿ ਹਿੰਦੂਤਵ ਰਾਸਟਰ ਕਾਇਮ ਕਰਨ ਲਈ ਹੁਕਮਰਾਨ ਇਥੋ ਦੇ ਲੰਮੇ ਸਮੇ ਤੋ ਚੱਲਦੇ ਆ ਰਹੇ ਕਾਨੂੰਨੀ ਅਮਲ ਨੂੰ ਤਾਂ ਖਤਮ ਕਰਨਾ ਲੋੜਦੇ ਹਨ, ਲੇਕਿਨ ਅਜੇ ਤੱਕ ਇਨ੍ਹਾਂ ਤੋਂ ਆਪਣੀ ਸਭ ਤੋ ਵੱਧ ਪਵਿੱਤਰ ਕਹਾਉਣ ਵਾਲੀ ਗੰਗਾਨਦੀ ਜਿਸ ਵਿਚ ਪੂਰੇ ਮੁਲਕ ਦਾ ਮਲਮੂਤਰ ਅਤੇ ਇੰਡਸਟਰੀ ਦਾ ਗੰਦ ਸੁੱਟਿਆ ਜਾ ਰਿਹਾ ਹੈ, ਉਸ ਨੂੰ ਤਾਂ ਆਪਣੇ ਧਰਮ ਦੀਆਂ ਲੀਹਾਂ ਤੇ ਨਿਯਮਾਂ ਅਨੁਸਾਰ ਸਾਫ਼ ਨਹੀ ਕਰਵਾ ਸਕੇ ਅਤੇ ਇਥੇ ਹਿੰਦੂਤਵ ਰਾਜ ਕਾਇਮ ਕਰਨ ਲਈ ਅਨੇਕਾ ਧਰਮਾਂ, ਕੌਮਾਂ, ਕਬੀਲਿਆ ਅਤੇ ਵਰਗਾਂ ਦੇ ਵੱਸਣ ਵਾਲੇ ਸਟੇਟ ਵਿਚ ਜ਼ਬਰੀ ਹਿੰਦੂ ਸਟੇਟ ਕਾਇਮ ਕਰਨ ਦੇ ਮਨੁੱਖਤਾ ਵਿਰੋਧੀ ਅਮਲ ਕਰ ਰਹੇ ਹਨ । ਜਿਸ ਨਾਲ ਇਥੋ ਦੀ ਜਮਹੂਰੀਅਤ ਅਤੇ ਅਮਨ ਚੈਨ ਨੂੰ ਕਤਈ ਕਾਇਮ ਨਹੀ ਰੱਖ ਸਕਣਗੇ । ਬਲਕਿ ਪਹਿਲੇ ਨਾਲੋ ਵੀ ਵਧੇਰੇ ਉਪੱਦਰ ਫੈਲਣ ਅਤੇ ਕੁਰੀਤੀਆ ਜਨਮ ਲੈਣ ਤੋ ਇਨਕਾਰ ਨਹੀ ਕੀਤਾ ਜਾ ਸਕਦਾ । ਇਸ ਲਈ ਜੋ ਜ਼ਬਰੀ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ ਇਸ ਨਾਲ ਮਾਹੌਲ ਅਣਸੁਖਾਵਾਂ ਤੇ ਬੇਚੈਨੀ ਵਾਲਾ ਹੋਵੇਗਾ । ਜਿਸਦੇ ਨਤੀਜੇ ਕਦਾਚਿਤ ਲਾਹੇਵੰਦ ਨਹੀ ਹੋਣਗੇ ।

# ਸ਼੍ਰੋਮਣੀ ਕਮੇਟੀ ਕਾਲਜਾਂ ਦੇ ਰੁਜ਼ਗਾਰ ਮੇਲੇ ਦੌਰਾਨ ਵੱਖ-ਵੱਖ ਕੰਪਨੀਆਂ ਨੇ ਚੁਣੇ 300 ਵਿਦਿਆਰਥੀ




**ਨਵੀਂ ਦਿੱਲੀ, 1 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਮੌਕੇ ਦੇਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਰੁਜ਼ਗਾਰ ਮੇਲੇ ਦਾ ਪ੍ਰਬੰਧ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦਾ ਇਹ ਪਹਿਲਾ ਰੁਜ਼ਗਾਰ ਮੇਲਾ ਸੀ, ਜੋ ਵਿਦਿਆਰਥੀਆਂ ਲਈ ਨੌਕਰੀ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਬਣਿਆ। ਚੰਡੀਗੜ੍ਹ ਸਥਿਤ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ ਸੈਕਟਰ 27 ਵਿਖੇ ਕਰਵਾਏ ਗਏ ਇਸ ਰੁਜ਼ਗਾਰ ਮੇਲੇ ਵਿਚ ਭਾਰਤ ਦੀਆਂ ਨਾਮਵਰ ਕਰੀਬ 25 ਕੰਪਨੀਆਂ ਨੇ ਸ਼ਮੂਲੀਅਤ ਕੀਤੀ ਅਤੇ 300 ਦੇ ਕਰੀਬ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬੀਬੀ ਹਰਜਿੰਦਰ ਕੌਰ, ਸਕੱਤਰ ਵਿਦਿਆ ਇੰਜੀ: ਸੁਖਮਿੰਦਰ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਰਹੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਵਿੱਦਿਆ ਇੰਜੀ: ਸੁਖਮਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਜਿਥੇ ਧਾਰਮਿਕ, ਸਮਾਜਿਕ ਅਤੇ ਵਿਦਿਅਕ ਗਤੀਵਿਧੀਆਂ ਵਿਚ ਵਡਮੁੱਲਾ ਯੋਗਦਾਨ ਦਿੱਤਾ ਜਾ ਰਿਹਾ ਹੈ, ਉਥੇ ਹੀ ਧਾਰਮਿਕ ਪ੍ਰੀਖਿਆ, ਪ੍ਰਸ਼ਨੋਤਰੀ ਮੁਕਾਬਲੇ, ਅੰਤਰਰਾਸ਼ਟਰੀ ਕਾਨਫਰੰਸ ਕਰਵਾ ਕੇ ਜ਼ਿਕਰਯੋਗ ਕਾਰਜ ਕੀਤੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਯੂ.ਪੀ.ਐਸ.ਸੀ., ਪੀ.ਪੀ.ਐਸ.ਸੀ. ਵਰਗੀਆਂ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਬਿਲਕੁਲ ਮੁਫਤ ਕਰਵਾਉਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਦੇ ਕਾਲਜਾਂ ਵਿਚ ਵਿੱਦਿਆ ਹਾਸਲ ਕਰ ਰਹੇ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਾਸਤੇ ਭਾਰਤ ਦੀਆਂ ਨਾਮਵਰ ਕੰਪਨੀਆਂ ਨਾਲ ਸੰਪਰਕ ਕਰਕੇ ਇਹ ਰੁਜ਼ਗਾਰ ਮੇਲਾ ਲਗਾਇਆ ਗਿਆ ਹੈ, ਜਿਸ ਵਿੱਚ ਦੇਸ਼ ਭਰ ਤੋਂ ਕਰੀਬ 25 ਕੰਪਨੀਆਂ ਦੇ ਨੁਮਾਇੰਦੇ ਪਹੁੰਚੇ। ਇਸ ਮੇਲੇ ਵਿਚ ਸ਼੍ਰੋਮਣੀ ਕਮੇਟੀ ਦੇ ਵੱਖ ਵੱਖ ਕਾਲਜਾਂ ਦੇ ਕਰੀਬ 600 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 300 ਦੇ ਕਰੀਬ ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਵੱਲੋਂ ਰੁਜ਼ਗਾਰ ਲਈ ਚੁਣਿਆ ਗਿਆ। ਇਸ ਰੁਜ਼ਗਾਰ ਮੇਲੇ ਪ੍ਰਤੀ ਵਿਦਿਆਰਥੀਆਂ ਵਿਚ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦਾ ਮੰਤਵ ਕੇਵਲ ਕਿੱਤਾਮੁਖੀ ਅਤੇ ਅਕਾਦਮਿਕ ਸਿੱਖਿਆ ਦੇਣਾ ਹੀ ਨਹੀਂ ਹੈ, ਸਗੋਂ ਰੁਜ਼ਗਾਰ ਲਈ ਉੱਚਿਤ ਮੌਕੇ ਪ੍ਰਦਾਨ ਕਰਨਾ ਵੀ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਦੀ ਸ਼ਖ਼ਸੀਅਤ ਉਸਾਰੀ ਲਈ ਨੈਤਿਕ ਸਿੱਖਿਆ ਨਾਲ ਜੋੜ ਕੇ ਦੇਸ਼ ਦੇ ਚੰਗੇ ਨਾਗਰਿਕ ਬਣਾਉਣਾ ਵੀ ਹੈ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੀਨੀਅਰ ਸਿਟੀਜਨ ਫੋਰਮ ਦੀ

# ਮਹੀਨਾ ਵਾਰ ਮੀਟਿੰਗ ਕ੍ਰਿਸ਼ਨਾ ਹੋਟਲ ਅੰਦਰੂਨੀ ਦਿੱਲੀ ਗੇਟ ਵਿਖੇ ਹੋਈ

ਫ਼ਿਰੋਜ਼ਪੁਰ, 1 ਜੁਲਾਈ (ਮਨੋਹਰ ਲਾਲ) :— ਸੀਨੀਅਰ ਸਿਟੀਜਨ ਫੋਰਮ ਦੀ ਮਹੀਨਾਵਾਰ ਮੀਟਿੰਗ ਕ੍ਰਿਸ਼ਨਾ ਹੋਟਲ ਅੰਦਰੂਨੀ ਦਿੱਲੀ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਹੋਈ। ਇਹ ਮੀਟਿੰਗ ਪਰਦੀਪ ਧਵਨ ਦੀ ਪ੍ਰਧਾਨਗੀ ਹੇਠ ਹੋਈ, ਇਸ ਮੀਟਿੰਗ ਵਿਚ ਸਭ ਤੋਂ ਪਹਿਲਾਂ ਜਿਹੜੇ 10 ਮੈਂਬਰ ਆਪਣੇ ਸਮੇਂ 5:45 ਤੋਂ ਪਹਿਲਾਂ ਆਉਣਗੇ। ਇਸ ਤੋਂ ਇਲਾਵਾ ਅਪ੍ਰੈਲ, ਮਈ, ਜੂਨ ਵਿਚ ਮੈਂਬਰਾਂ ਦਾ ਜਨਮ ਦਿਨ ਸੀ, ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦਾ ਜਨਮ ਦਿਨ ਮਨਾਇਆ। ਇਸ ਮੌਕੇ ਤੇ ਰੰਗਾ—ਰੰਗ ਪ੍ਰੋਗਰਾਮ ਕਰਵਾਇਆ ਗਿਆ ਅਤੇ ਕੁਲ ਮੈਂਬਰਾਂ ਨੇ ਆਪਣੇ—ਆਪਣੇ ਸੁਝਾਅ ਦਿੱਤੇ ਗਏ, ਕੁਝ ਮੈਂਬਰਾਂ ਨੇ ਗੀਤ ਗਾ ਕੇ ਸਭ ਨੂੰ ਖੁਸ਼ ਕੀਤਾ ਅਤੇ ਕੁਝ ਮੈਂਬਰਾਂ ਨੇ ਚੁਟਕਲੇ ਆਦਿ ਸੁਣਾਏ ਅਤੇ ਕੁਝ ਮੈਂਬਰਾਂ ਨੇ ਬਜ਼ੁਰਗ ਹੋਣ ਤੇ ਅਰ ਵਿਚ ਆ ਰਹੀ ਸਮੱਸਿਆ ਬਾਰੇ ਜਾਣੂ ਕਰਵਾਇਆ ਅਤੇ ਕਿਹਾ ਕਿ ਸਮੇਂ ਦੇ ਨਾਲ—ਨਾਲ ਸਾਨੂੰ ਵੀ ਢੱਲ ਜਾਣਾ ਚਾਹੀਦਾ ਹੈ, ਕਿਉਂਕਿ ਪਹਿਲਾਂ ਆਪਣਾ ਰਾਜ ਸੀ, ਆਪਾ ਆਪਣੀ ਮਨ ਮਰਜ਼ੀ ਚਲਾਉਂਦੇ ਸੀ, ਪਰ ਹੁਣ ਬੱਚਿਆਂ ਦਾ ਰਾਜ ਹੈ, ਬੱਚੇ ਆਪਣੀ ਮਨ ਮਰਜ਼ੀ ਚਲਾਉਂਦੇ ਹਨ, ਜਿਵੇਂ—ਜਿਵੇਂ ਸਮਾਂ ਬਦਲ ਰਿਹਾ ਹੈ, ਉਸੇ ਤਰ੍ਹਾਂ ਬੱਚੇ ਵੀ ਬਦਲ ਰਹੇ ਹਨ ਅਤੇ ਆਪਣੀ ਪੀੜ੍ਹੀ ਤੋਂ ਬਾਅਦ ਸ਼ਾਇਦ ਬੱਚੇ ਵੀ ਆਪਣੇ ਵੱਡ—ਵਡੇਰਿਆਂ ਨੂੰ ਨਹੀਂ ਪੁਛਣਗੇ। ਇਸ ਮੌਕੇ ਤੇ ਚੇਅਰਮੈਨ ਐਸ.ਪੀ ਖੇੜਾ, ਪ੍ਰਧਾਨ ਪਰਦੀਪ ਧਵਨ, ਜਨਰਲ ਸਕੱਤਰ ਸਤੀਸ਼ ਪੁਰੀ, ਕੈਸ਼ੀਅਰ ਅਵਤਾਰ ਸਿੰਘ, ਪੈਟਰਨ ਸ਼ਾਮ ਲਾਲ ਕੱਕੜ, ਦੇਸ ਤੁਲੀ, ਵਿਨੋਦ ਗੋਇਲ ਸੀਨੀਅਰ ਵਾਈਸ ਪ੍ਰਧਾਨ, ਰਮੇਸ਼ ਅਗਰਵਾਲ, ਤਿਲਕ ਰਾਜ ਏਰੀ, ਸ਼ਾਮ ਲਾਲ ਗੱਖੜ ਚੇਅਰਮੈਨ ਪਰਵੀਨ ਧਵਨ, ਸੁਭਾਸ਼ ਚੌਧਰੀ, ਸੁਰਿੰਦਰ ਬੇਰੀ, ਸੁਰਿੰਦਰ ਬਿਲਾਸੀ, ਅਸ਼ੋਕ ਸ਼ਰਮਾ ਪ੍ਰੈਸ ਸਕੱਤਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਹੁਦੇਦਾਰ ਹਾਜ਼ਰ ਸਨ। ਇਸ ਮੌਕੇ ਤੇ ਸੀਨੀਅਰ ਸਿਟੀਜਨ ਫੋਰਮ ਦੇ ਪ੍ਰਧਾਨ ਸ੍ਰੀ ਪਰਦੀਪ ਧਵਨ ਨੇ ਬੋਲਦਿਆਂ ਕਿਹਾ ਕਿ ਇਸ ਵਾਰ ਏਨੀ ਗਰਮੀ ਪਈ ਹੈ ਕਿ ਸਭ ਤੋਂ ਜਿਆਦਾ ਗਰਮੀ ਪਈ ਹੈ ਅਤੇ ਇਸ ਤੋਂ ਪਹਿਲਾਂ ਇਕ ਵਾਰ 1972 ਵਿਚ ਪਈ ਸੀ ਅਤੇ ਤਾਪਮਾਨ ਕਿਤੇ—ਕਿਤੇ 55—56 ਤੱਕ ਪਹੁੰਚ ਗਿਆ ਹੈ, ਜ਼ੋ ਕਿ ਚਿੰਤਾ ਦਾ ਵਿਸ਼ਾ ਹੈ, ਇਸ ਲਈ ਸਾਨੂੰ ਆਪਣੇ ਆਲੇ—ਦੁਆਲੇ ਘਰਾਂ ਵਿਚ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਬੂਟੇ ਲਾਉਣ ਤੋਂ ਬਾਅਦ ਉਸ ਦੀ ਦੇਖਭਾਲ ਸਾਨੂੰ ਖੁਦ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਦੂਜੀ ਸਮੱਸਿਆ ਪਾਣੀ ਦੀ ਹੈ, ਪਾਣੀ ਬਹੁਤ ਡਿੱਗ ਚਲਾ ਗਿਆ ਹੈ, ਕਿਤੇ—ਕਿਤੇ ਤਾਂ ਧਰਤੀ ਥੱਲੋ ਪਾਣੀ ਆ ਹੀ ਨਹੀਂ ਰਿਹਾ ਹੈ, ਇਸ ਲਈ ਸਾਨੂੰ ਪਾਣੀ ਦੀ ਵਰਤੋਂ ਵੀ ਘੱਟ ਕਰਨੀ ਚਾਹੀਦੀ ਹੈ। ਸ੍ਰੀ ਪਰਦੀਪ ਧਵਨ ਨੇ ਅੱਗੇ ਕਿਹਾ ਕਿ ਬੇਸ਼ੱਕ ਸਾਡੀ ਦੇ ਇੰਡੀਆ ਟੀਮ ਵਰਲਡ ਕੱਪ ਜਿੱਤ ਗਈ ਹੈ, ਪਰ ਨਾਲ ਹੀ ਰੋਹਿਤ ਸ਼ਰਮਾ ਵਿਰਾਟ ਕੋਹਲੀ ਨੇ ਕ੍ਰਿਗਟ ਫਾਰਮੈਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਇਸ ਮੌਕੇ ਤੇ ਸਮੂਹ ਮੈਂਬਰਾਂ ਨੇ ਸ੍ਰੀ ਤਿਲਕ ਰਾਜ ਏਰੀ ਦਾ ਧੰਨਵਾਦ ਕੀਤਾ, ਜਿਨ੍ਹਾਂ ਫਰੀ ਕ੍ਰਿਸ਼ਨਾ ਹੋਟਲ ਵਿਚ ਮੀਟਿੰਗ ਕਰਨ ਦਿੱਤੀ। ਇਸ ਮੌਕੇ ਤੇ ਚਾਹ ਸਮੋਸੇ ਅਤੇ ਸਤੂ ਜੂਸ ਨਾਲ ਮੈਂਬਰਾਂ ਦੀ ਆਉ ਭਗਤ ਕੀਤੀ ਗਈ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਸਤੀਸ਼ ਕੁਮੀਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।

ਆਵਾਜ਼ਿ ਕੌਮ AWAZE QAUM International Newspaper & WEB TV



### ਬਾਬਾ ਫਰੀਦ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਨੇ ਏਸ਼ੀਆ ਕੱਪ ਵਿੱਚ ਗੋਲਡ ਮੈਡਲ ਕੀਤਾ ਹਾਸਲ

# ਸਕੂਲ ਮੈਨੇਜਮੈਂਟ ਤੇ ਸਮੂਹ ਸਟਾਫ ਵੱਲੋਂ ਸਕੂਲ ਪਹੁੰਚਣ ’ਤੇ ਟੀਮ ਦਾ ਕੀਤਾ ਨਿੱਘਾ ਸਵਾਗਤ

**ਫ਼ਿਰੋਜ਼ਪੁਰ, 1 ਜੁਲਾਈ (ਮਨੋਹਰ ਲਾਲ) :—** ਤਾਈਕਮਾਂਡੋ ਖੇਡ ਦੇ ਗੋਆ ਵਿੱਚ ਹੋਏ ਏਸ਼ੀਆ ਕੱਪ ਵਿੱਚ ਬਾਬਾ ਫਰੀਦ ਇੰਟਰਨੈਸ਼ਨਲ ਸਕੂਲ ਦੇ ਅੱਠਵੀਂ ਜਮਾਤ ਦੇ ਵਿਦਿਆਰਥੀ ਅਭਿਜੋਤ ਸਿੰਘ ਪੁੱਤਰ ਤਰਸੇਮ ਸਿੰਘ ਨੇ ਭਾਗ ਲਿਆ ਅਤੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਹਾਸਲ ਕੀਤਾ। ਖੇਡਾਂ ਵਿਚ ਨਾਮਣਾ ਖੱਟ ਸਕੂਲ ਪਹੁੰਚਣ ਤੇ ਵਿਦਿਆਰਥੀ ਦਾ ਸਕੂਲ ਤੇ ਚੇਅਰਮੈਨ ਕਵਰਜੀਤ ਸਿੰਘ ਸੰਧੂ ਡਾਇਰੈਕਟਰ ਪਰਵਿੰਦਰ ਸਿੰਘ ਸੰਧੂ ਵਾਈਸ ਚੇਅਰਮੈਨ ਸ਼ਰਨਪ੍ਰੀਤ ਸਿੰਘ ਸੰਧੂ ਮੈਨੇਜਿੰਗ ਡਾਇਰੈਕਟਰ ਸ਼ਬਾਸ਼ ਸਿੰਘ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਗੀਤੂ ਚੋਪੜਾ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸ੍ਰੀ ਸੁਭਾਸ਼ ਸਿੰਘ ਵੱਲੋਂ ਜੇਤੂ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਪੜ੍ਹਾਈ ਦੇ ਨਾਲ—ਨਾਲ ਖੇਡਾਂ ਵੱਲ ਵੀ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ, ਵਿਦਿਆਰਥੀ ਖੇਡਾਂ ਵਿੱਚ ਹਿੱਸਾ ਲੈ ਕੇ ਉਚ ਸਥਾਨ ਹਾਸਲ ਕਰ ਰਹੇ ਹਨ। ਸਕੂਲ ਪ੍ਰਿੰਸੀਪਲ ਵੱਲੋਂ ਜੇਤੂ ਵਿਦਿਆਰਥੀ ਤੇ ਸਖਤ ਮਿਹਨਤ ਕਰਨ ਵਾਲੇ ਕੋਚ ਨੂੰ ਵੀ ਵਧਾਈ ਦਿੱਤੀ ਗਈ ਅਤੇ ਬਾਕੀ ਵਿਦਿਆਰਥੀਆਂ ਨੂੰ ਵੀ ਵੱਧ ਤੋਂ ਵੱਧ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ।




ਆਵਾਜ਼ਿ ਕੌਮ AWAZE QAUM International Newspaper & WEB TV

### ਰਾਹੁਲ ਕੱਕੜ ਰੋਟਰੀ ਕਲੱਬ

# ਫਿਰੋਜਪੁਰ ਕੈਂਟ ਦੇ ਬਣੇ ਪ੍ਰਧਾਨ, ਕਾਰਜਕਾਲ ਅੱਜ ਤੋਂ ਸ਼ੁਰੂ

ਫ਼ਿਰੋਜ਼ਪੁਰ, 1 ਜੁਲਾਈ (ਮਨੋਹਰ ਲਾਲ) :— ਇਲਾਕੇ ਵਿਚ ਸਮਾਜ ਸੇਵੀ ਕਾਰਜ ਕਰਦੀ ਆ ਰਹੀ ਰੋਟਰੀ ਕਲੱਬ ਫ਼ਿਰੋਜ਼ਪੁਰ ਕੈਂਟ ਵਿਚ ਵਧੀਆ ਕਾਰਜ ਕਰਨ ਬਦਲੇ ਨੌਜਵਾਨ ਆਗੂ ਰਾਹੁਲ ਕੱਕੜ ਨੂੰ ਕਲੱਬ ਦਾ ਸਰਵਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਲੱਬ ਆਗੂਆਂ ਨੇ ਦੱਸਿਆ ਕਿ ਇਸ ਚੋਣ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਰਾਹੁਲ ਕੱਕੜ ਦੀ ਪ੍ਰਧਾਨ ਦੇ ਅਹੁਦੇ ਲਈ ਚੋਣ ਸਮੂਹ ਸਾਥੀਆਂ ਵੱਲੋਂ ਸਰਬਸੰਮਤੀ ਨਾਲ ਕੀਤੀ ਗਈ ਹੈ। ਇਸ ਮੌਕੇ ਡਿਸਟਿਕ ਗਵਰਨਰ 3090 ਘਨਸ਼ਾਮ ਕਾਂਸਲ, ਡਿਸਟਿਕ ਗਵਰਨਰ 2024—25 ਡਾ: ਸੰਦੀਪ ਚੋਹਾਨ, ਡੀ.ਜੀ.ਐਨ ਭੁਪੇਸ਼ ਮਹਿਤਾ, ਡੀ.ਜੀ.ਐਨ.ਡੀ ਅਮਿਤ ਸਿੰਗਲਾ, ਪੀ.ਡੀ.ਜੀ ਵਿਜੈ ਅਰੋੜਾ, ਅਸਿਸਟੈਂਟ ਗਵਰਨਰ ਕਮਲ ਸ਼ਰਮਾ ਨੇ ਵਿਸ਼ੇਸ਼ ਤੌਰ ਤੇ ਜ਼ੀਰਕਪੁਰ ਵਿੱਖੇ ਡਿਸਟਿਕ ਅਸੈਂਬਲੀ ਵਿੱਚ ਕਾਲਰ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਬੋਧ ਮੈਣੀ ਨੂੰ ਰੋਟਰੀ ਕਲੱਬ ਫਿਰੋਜ਼ਪੁਰ ਕੈਂਟ ਦਾ ਸੱਕਤਰ ਬਣਾਇਆ ਗਿਆ। ਜ਼ਿਕਰਯੋਗ ਹੈ ਕਿ ਸ੍ਰੀ ਰਾਹੁਲ ਕੱਕੜ ਵੇਅ ਹੈੱਡ ਇਮੀਗ੍ਰੇਸ਼ਨ ਦੇ ਐਮ.ਡੀ ਹੋਣ ਦੇ ਨਾਲ—ਨਾਲ ਸਮਾਜ ਸੇਵਕ ਵੀ ਹਨ ਅਤੇ ਸਮਾਜ ਭਲਾਈ ਦੇ ਕੰਮਾਂ ਵਿਚ ਹਮੇਸ਼ਾ ਮੋਹਰੀ ਰਹਿੰਦੇ ਹਨ, ਜ਼ੋ ਇਲਾਕੇ ਦੀਆਂ ਬਹੁਤੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜੇ ਹੋਏ ਹਨ ਅਤੇ ਸਰਗਰਮ ਮੈਂਬਰ ਵਜੋਂ ਸ਼ਿਰਕਤ ਕਰਦੇ ਹਨ। ਸ੍ਰੀ ਰਾਹੁਲ ਕੱਕੜ ਖੱਤਰੀ ਸਭਾ ਫਿਰੋਜਪੁਰ, ਮਯੰਕ ਫਾਉਂਡੇਸ਼ਨ, ਸਰਬੱਤ ਦਾ ਭਲਾ ਆਦਿ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਕੰਮ ਦੇ ਮੱਦੇਨਜ਼ਰ ਉਨ੍ਹਾਂ ਨੂੰ 2024—25 ਲਈ ਰੋਟਰੀ ਕਲੱਬ ਫ਼ਿਰੋਜ਼ਪੁਰ ਕੈਂਟ ਦਾ ਪ੍ਰਧਾਨ ਬਣਾਇਆ ਗਿਆ ਹੈ।

ਇਸ ਮੌਕੇ ਬੋਲਦਿਆਂ ਨਵ ਨਿਯੁਕਤ ਪ੍ਰਧਾਨ ਰਾਹੁਲ ਕੱਕੜ ਨੇ ਦੱਸਿਆ ਕਿ ਇਹ ਚੋਣ ਰੋਟਰੀ ਸਾਲ 2024—25 ਲਈ ਕੀਤੀ ਗਈ ਹੈ। ਪ੍ਰਧਾਨ ਰਾਹੁਲ ਕੱਕੜ ਨੇ ਦੱਸਿਆ ਕਿ ਉਸ ਦਾ ਟੀਚਾ 52 ਹਫ਼ਤਿਆਂ ਵਿੱਚ 52 ਸਮਾਜ ਸੇਵੀ ਪ੍ਰਾਜੈਕਟ ਕਰਨਾ ਹੈ ਤਾਂ ਜ਼ੋ ਸਮਾਜ ਵਿਚ ਫੈਲੀਆਂ ਕੁਰੀਤੀਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ ਲੋੜਵੰਦ ਦੀ ਮੋਹਰੀ ਹੋ ਕੇ ਮੱਦਦ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਖ਼ਾਸਕਰ ਗਰੀਬ ਲੜਕੀਆਂ ਦਾ ਵਿਆਹ, ਲੋੜਵੰਦ ਵਿਦਿਆਰਥੀਆਂ ਲਈ ਇਕ ਲੱਖ ➡ਪਏ ਦਾ ਮੁਫਤ ਬੀਮਾ, ਮੈਡੀਕਲ ਕੈਂਪਾਂ ਦਾ ਆਯੋਜਨ, ਖ਼ੂਨਦਾਨ ਕੈਂਪ, ਬਰਸਾਤ ਦੇ ਮੌਸਮ ਵਿੱਚ ➡ੱਖ ਲਗਾਉਣ ਦੇ ਪ੍ਰਾਜੈਕਟ ਵਿਸ਼ੇਸ਼ ਤੌਰ ਤੇ ਰੱਖੇ ਗਏ ਹਨ। ਇਸ ਮੌਕੇ ਸਾਬਕਾ ਪ੍ਰਧਾਨ ਵਿਪੁਲ ਨਾਰੰਗ, ਰੋਟੇਰੀਅਨ ਅਸ਼ੋਕ ਬਹਿਲ, ਸਾਬਕਾ ਪ੍ਰਧਾਨ ਬਲਦੇਵ ਸਲੂਜਾ, ਡਾ ਕੋਹਲੀ, ਅਨਿਲ ਚੋਪੜਾ, ਰੋਟੇਰੀਅਨ ਦਸ਼ਮੇਸ਼ ਸੇਠੀ, ਰੋਟੇਰੀਅਨ ਬੀ.ਐੱਸ. ਸੰਧੂ, ਰੋਟੇਰੀਅਨ ਹਰਵਿੰਦਰ ਘਈ, ਰੋਟੇਰੀਅਨ ਗੁਲਸ਼ਨ ਸਚਦੇਵਾ, ਰੋਟੇਰੀਅਨ ਕਪਿਲ ਟੰਡਨ, ਰੋਟੇਰੀਅਨ ਅਸ਼ਵਨੀ ਗਰੋਵਰ, ਸੋਮਿਲ ਉੱਪਲ਼, ਸ਼ਿਵਮ ਬਜਾਜ, ਸੁਖਦੇਵ ਸ਼ਰਮਾ, ਬੋਹੜ ਸਿੰਘ, ਸੰਜੀਵ ਅਰੋੜਾ, ਭਗਵੰਤ ਸਿੰਘ ਅਤੇ ਕਮਲ ਸ਼ਰਮਾ ਮੌਜੂਦ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਖਾਲਸਾ ਗੁਰਮਤਿ ਅਕੈਡਮੀ ਟੋਰੰਟੋ(ਕੈਨੇਡਾ) ਵਿੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਗੁਰਬਾਣੀ ਕਥਾ ਅਰੰਭ



**ਫ਼ਿਰੋਜ਼ਪੁਰ, 1 ਜੁਲਾਈ (ਮਨੋਹਰ ਲਾਲ) :—** ਕੈਨੇਡਾ ਦੇ ਸ਼ਹਿਰ ਟੋਰੰਟੋ ਦੀ ਧਰਤੀ ਤੇ ਦਮਦਮੀ ਟਕਸਾਲ ਦੇ ਵਿਦਿਆਰਥੀ ਸਿੰਘਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਅਰੰਭ ਕੀਤੇ ਅਸਥਾਨ ਖਾਲਸਾ ਗੁਰਮਤਿ ਅਕੈਡਮੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਸਾਹਿਬ ਜੀ ਦੀ ਲੜੀਵਾਰ ਗੁਰਬਾਣੀ ਕਥਾ ਅਰੰਭ ਕੀਤੀ ਗਈ। ਸਭ ਤੋਂ ਪਹਿਲਾਂ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਹੈੱਡ ਗ੍ਰੰਥੀ ਗਿਆਨੀ ਅਮਨ ਸਿੰਘ ਨੇ ਭੋਗ ਅਤੇ ਕਥਾ ਦੇ ਅਰੰਭਤਾ ਦੀ ਅਰਦਾਸ ਬੇਨਤੀ ਕੀਤੀ ਗਈ। ਹੁਕਮਨਾਮਾ ਸਾਹਿਬ ਤੋਂ ਬਾਅਦ ਪੰਜ ਵਾਰ ਗੁਰਮੰਤਰ, ਪੰਜ ਵਾਰ ਮੂਲ ਮੰਤਰ ਗਿਆਨੀ ਭਾਈ ਸੁਰਜੀਤ ਸਿੰਘ ਵੱਲੋਂ ਜਾਪ ਕੀਤੇ ਗਏ। ਗਿਆਨੀ ਬਲਦੇਵ ਸਿੰਘ ਸੋਧੀ ਵੱਲੋਂ ਲੜੀਵਾਰ ਗੁਰਬਾਣੀ ਕਥਾ ਦੀ ਅਰੰਭਤਾ ਕੀਤੀ ਗਈ। ਦਮਦਮੀ ਟਕਸਾਲ ਦੇ ਬਾਰਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਦੀ ਸਲਾਨਾ ਯਾਦ ਨੂੰ ਮਨਾਉਂਦਿਆਂ ਮਹਾਂਪੁਰਖਾ ਦੇ ਜੀਵਨ ਦੀ ਸਾਂਝ ਪਾਈ ਗਈ। ਅਕੈਡਮੀ ਦੇ ਅਰੰਭ ਹੋਇਆ ਦੇ ਪੂਰੇ ਹੋਏ ਦੋ ਸਾਲ ਦੇ ਸਮੇਂ ਨੂੰ ਗੁਰੂ ਸਾਹਿਬ ਸਨਮੁੱਖ ਅਰਦਾਸ ਬੇਨਤੀ ਕਰਦਿਆਂ ਅਸਥਾਨ ਦੀ ਚੜਦੀ ਕਲਾਂ ਦੀ ਕਾਮਨਾ ਕੀਤੀ ਗਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸਮਾਗਮ ਦੌਰਾਨ ਗਿਆਨੀ ਬਲਦੇਵ ਸਿੰਘ, ਗਿਆਨੀ ਸੁਰਜੀਤ ਸਿੰਘ, ਗਿਆਨੀ ਅਮਨ ਸਿੰਘ, ਗਿਆਨੀ ਸਾਹਿਬ ਸਿੰਘ, ਭਾਈ ਪ੍ਰਭਦੀਪ ਸਿੰਘ, ਭਾਈ ਗੁਰਜਾਪ ਸਿੰਘ, ਭਾਈ ਸੁਖਨੰਦਨ ਸਿੰਘ, ਭਾਈ ਏਕਮ ਸਿੰਘ, ਭਾਈ ਰਣਜੀਤ ਸਿੰਘ ਇਟਲੀ, ਭਾਈ ਗੁਰਪਾਲ ਸਿੰਘ ਭਿੰਡਰ ਕਲਾਂ, ਭਾਈ ਪਵਿੱਤਰ ਸਿੰਘ, ਗਿਆਨੀ ਬਲਵੀਰ ਸਿੰਘ ਯੂ.ਕੇ, ਭਾਈ ਮਨਰੂਪ ਸਿੰਘ, ਭਾਈ ਬਲਜਿੰਦਰ ਸਿੰਘ, ਭਾਈ ਕੁਲਦੇਵ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਹਾਕਮ ਸਿੰਘ, ਭਾਈ ਅਮੋਲਕ ਸਿੰਘ, ਭਾਈ ਸਮਸ਼ੇਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਰਾਗੀ ਅਮਨਜੀਤ ਸਿੰਘ, ਰਾਗੀ ਦੀਪ ਸਿੰਘ, ਰਾਗੀ ਜਗਜੀਤ ਸਿੰਘ, ਰਾਗੀ ਹਰਦੀਪ ਸਿੰਘ, ਬੂਟਾ ਸਿੰਘ, ਗੁਰਵੇਲ ਸਿੰਘ, ਸੁਖਵਿੰਦਰ ਸਿੰਘ ਹੋਰ ਬੇਅੰਤ ਸਿੱਖ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਮਹੀਨਾਵਾਰ ਮੀਟਿੰਗ ਨਗਰ ਕੌਂਸਲ ਫ਼ਿਰੋਜ਼ਪੁਰ ਸ਼ਹਿਰ ਦੀ ਕੰਟੀਨ ਵਿਚ ਹੋਈ



ਫ਼ਿਰੋਜ਼ਪੁਰ, 1 ਜੁਲਾਈ (ਮਨੋਹਰ ਲਾਲ) :— ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਮਹੀਨਾਵਾਰ ਮੀਟਿੰਗ ਨਗਰ ਕੌਂਸਲ ਫ਼ਿਰੋਜ਼ਪੁਰ ਸ਼ਹਿਰ ਦੀ ਕੰਟੀਨ ਵਿਚ ਹੋਈ। ਇਹ ਮੀਟਿੰਗ ਡਾ: ਦੀਵਾਨ ਚੰਦ ਸੁਖੀਜਾ ਚੇਅਰਮੈਨ ਅਤੇ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ ਦੀ ਦੇਖ—ਰੇਖ ਹੇਠ ਹੋਈ। ਇਸ ਮੀਟਿੰਗ ਵਿਚ ਕਈ ਵਿਚਾਰ—ਵਟਾਂਦਰੇ ਹੋਏ ਜਿਵੇਂ ਕਿ ਸਮਾਜ ਭਲਾਈ ਦੇ ਕੰਮ ਅਤੇ ਗਰੀਬ ਲੋਕਾਂ ਦੀ ਮੱਦਦ ਕਰਨੀ, ਜਿਵੇਂ ਕਿ ਗਰੀਬ ਲੜਕੀਆਂ ਦੇ ਵਿਆਹ ਲਈ ਸਹਾਇਤਾ ਕਰਨੀ ਆਦਿ। ਇਸ ਮੌਕੇ ਤੇ ਡਾ: ਦੀਵਾਨ ਚੰਦ ਸੁਖੀਜਾ ਨੇ ਬੋਲਦਿਆਂ ਕਿਹਾ ਕਿ ਅਸੀਂ ਸ਼ੂਗਰ ਕੈਂਪ ਅਤੇ ਸਕੂਲਾਂ ਵਿਚ ਬੱਚਿਆਂ ਨੂੰ ਕਾਪੀਆਂ ਵੰਡਣ ਆਦਿ ਦਾ ਕੰਮ ਤਾਂ ਜ਼ੋਰਾ—ਸ਼ੋਰਾ ਨਾਲ ਕਰਦੇ ਆ ਰਹੇ ਹਾਂ, ਪਰ ਹੁਣ ਸਾਨੂੰ ਗਰੀਬ ਲੜਕੀਆਂ ਦੇ ਵਿਆਹ ਵਿਚ ਵੀ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਤੇ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ ਨੇ ਡਾ: ਦੀਵਾਨ ਚੰਦ ਸੁਖੀਜਾ ਨੂੰ ਸਹਿਮਤੀ ਦਿੰਦਿਆਂ ਕਿਹਾ ਕਿ ਆਪਾਂ ਨੂੰ ਗਰੀਬ ਲੜਕੀਆਂ ਦੇ ਵਿਆਹ ਵਿਚ ਆਪਣੀ ਸ਼ਰਧਾ ਅਨੁਸਾਰ ਯੋਗਦਾਨ ਆਪਣੀ ਜੇਬ ਵਿਚੋਂ ਕਰਨਾ ਚਾਹੀਦਾ ਹੈ, ਨਾ ਕਿ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਫੰਡ ਵਿਚੋਂ। ਇਸ ਮੌਕੇ ਤੇ ਪ੍ਰਵੀਨ ਕੁਮਾਰ ਜਨਰਲ ਸਕੱਤਰ ਨੇ ਕਿਹਾ ਕਿ ਇਸ ਵੇਲੇ ਸਾਡੇ ਭਾਰਤ ਦੇਸ਼ ਵਿਚ ਗਰਮੀ ਦਾ ਬਹੁਤ ਜਿਆਦਾ ਪ੍ਰਕੋਪ ਹੈ, ਸਾਨੂੰ ਵੱਧ ਰਹੇ ਤਾਪਮਾਨ ਨੂੰ ਠੱਲ ਪਾਉਣ ਲਈ ਵੱਧ ਤੋਂ ਵੱਧ ਬੂਟੇ ਲਾਉਣੇ ਚਾਹੀਦੇ ਹਨ। ਇਸ ਮੌਕੇ ਤੇ ਸ੍ਰੀ ਰਮੇਸ਼ ਬਜਾਜ ਜਿਹੜੇ ਹਰ ਸਾਲ ਆਪਣੇ ਘਰ ਵਚ ਤੁਲਸੀ ਬੀਜ ਦੇ ਹਰ ਸਾਲ ਭਾਰੀ ਗਿਣਤੀ ਵਿਚ ਤੁਲਸੀ ਵੰਡਦੇ ਹਨ, ਨੇ ਵੀ ਬੂਟੇ ਲਾਉਣ ਦੀ ਸਹਿਮਤੀ ਪ੍ਰਗਟਾਈ। ਇਸ ਮੌਕੇ ਤੇ ਡਾ: ਦੀਵਾਨ ਚੰਦ ਸੁਖੀਜਾ ਚੇਅਰਮੈਨ, ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ, ਰਮੇਸ਼ ਬਜਾਜ ਸੀਨੀਅਰ ਵਾਈਸ ਪ੍ਰਧਾਨ, ਪਰਵੀਨ ਕੁਮਾਰ ਜਨਰਲ ਸਕੱਤਰ, ਰਾਮ ਕਿਸ਼ੋਰ ਕੋਆਰਡੀਨੇਟਰ, ਵਿਜੇ ਕੁਮਾਰ, ਪੁਸ਼ਪਲਤਾ ਜੁਆਇੰਟ ਸਕੱਤਰ, ਬਲਵੀਰ ਸਿੰਘ ਗੋਖੀ ਵਾਲਾ, ਮਨੋਹਰ ਲਾਲ ਪੱਤਰਕਾਰ ਆਦਿ ਮੈਂਬਰ ਹਾਜ਼ਰ ਸਨ। ਇਸ ਮੌਕੇ ਤੇ ਚਾਹ ਠੰਡੇ ਅਤੇ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਤੇ ਡਾ: ਦੀਵਾਨ ਚੰਦ ਸੁਖੀਜਾ ਚੇਅਰਮੈਨ ਨੇ ਮੈਂਬਰਾਂ ਨੂੰ ਸੈਨੇਟਾਈਜ ਅਤੇ ਮਾਸਕ ਵੰਡੇ ਅਤੇ ਆਪਣੀ ਸਿਹਤ ਦਾ ਧਿਆਨ ਰੱਖਣ ਦੀ ਅਪੀਲ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਸਿੰਘ ਸਾਹਿਬ ਨੂੰ ਸੌਂਪੀ ਗਈ ਚਿੱਠੀ ਦੀ ਹੂ-ਬ-ਹੂ ਨਕਲ

ਸਤਿਕਾਰਯੋਗ ਸਿੰਘ ਸਾਹਿਬ ਭਾਈ ਰਘਬੀਰ ਸਿੰਘ ਜੀ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਅੰਮ੍ਰਿਤਸਰ ਸਾਹਿਬ।

ਆਵਾਜ਼ਿ ਕੌਮ AWAZE QAUM International Newspaper & WEB TV

॥ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

**ਵਿਸ਼ਾ : ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਗੁਰੂ ਅਤੇ ਗੁਰੂ ਪੰਥ ਕੋਲੋਂ ਖ਼ਿਮਾ ਜਾਚਨਾ ਕਰਨ ਸੰਬੰਧੀ।**

---

ਜਥੇਦਾਰ ਜੀ, ਆਪ ਭਲੀ-ਭਾਂਤ ਜਾਣੂ ਹੋ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਅਤੇ ਪੰਜਾਬ ਦੀ ਸਿਰਮੌਰ ਜਥੇਬੰਦੀ ਹੈ। ਇਸ ਨੇ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕੌਮੀ ਰਾਜਨੀਤੀ ਵਿਚ ਅਤੇ ਪੰਜਾਬ ਦੀ ਰਾਜਨੀਤੀ ਵਿਚ ਅਹਿਮ ਰੋਲ ਅਦਾ ਕੀਤਾ ਹੈ। ਇਹ ਜਥੇਬੰਦੀ ਸਿੱਖ ਪੰਥ ਦੇ ਧਾਰਮਿਕ ਅਤੇ ਰਾਜਨੀਤਕ ਹਿੱਤਾਂ ਲਈ ਵੀ ਹਮੇਸ਼ਾ ਸਮਰਪਣ ਦੀ ਭਾਵਨਾ ਨਾਲ ਕੰਮ ਕਰਦੀ ਰਹੀ ਹੈ। ਇਸ ਨੇ ਖ਼ਾਸ ਕਰਕੇ ਗੁਰਧਾਮਾਂ ਦੀ ਸਾਂਭ-ਸੰਭਾਲ ਵਿਚ ਹਮੇਸ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੂਰਾ-ਪੂਰਾ ਸਹਿਯੋਗ ਦਿੱਤਾ ਹੈ।

ਸਮੇਂ-ਸਮੇਂ ਇਸ ਨੇ ਪੰਜਾਬ ਵਿਚ ਲੋਕਾਂ ਤੋਂ ਫ਼ਤਵਾ ਲੈ ਕੇ ਆਪਣੀਆਂ ਸਰਕਾਰਾਂ ਵੀ ਬਣਾਈਆਂ ਹਨ ਅਤੇ ਪੰਥ ਅਤੇ ਪੰਜਾਬ ਦੀ ਬਿਹਤਰੀ ਲਈ ਮਹੱਤਵਪੂਰਨ ਫ਼ੈਸਲੇ ਲੈ ਕੇ ਇਹ ਆਪਣਾ ਇਤਿਹਾਸਕ ਰੋਲ ਅਦਾ ਕਰਦੀ ਰਹੀ ਹੈ। ਪਰ 2007 ਤੋਂ ਲੈ ਕੇ 2017 ਦੇ ਦਰਮਿਆਨ ਰਾਜ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜਿਹੜੀ ਸਰਕਾਰ ਬਣੀ ਸੀ, ਉਸ ਸਮੇਂ ਅਨੇਕਾਂ ਭੁੱਲਾਂ ਹੋਈਆਂ ਸਨ, ਜਿਨ੍ਹਾਂ ਕਾਰਨ ਸਿੱਖ ਪੰਥ ਅਤੇ ਪੰਜਾਬ ਦੇ ਲੋਕਾਂ ਦਾ ਇਕ ਵੱਡਾ ਹਿੱਸਾ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਬਦਜ਼ਨ ਹੋ ਗਿਆ ਹੈ। ਇਸ ਕਾਰਨ ਜਿਥੇ ਸ਼੍ਰੋਮਣੀ ਅਕਾਲੀ ਦਲ ਨੂੰ ਧਾਰਮਿਕ ਖੇਤਰ ਵਿਚ ਅਸਫ਼ਲਤਾਵਾਂ ਦਾ ਸਾਹਮਣਾ ਕਰਨਾ ਪਿਆ ਹੈ, ਉਥੇ ਰਾਜਨੀਤਕ ਖੇਤਰ ਵਿਚ ਵੀ ਲੋਕਾਂ ਦੀ ਬੇਰੁਖ਼ੀ ਝੱਲਣੀ ਪਈ ਹੈ। ਇਸ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ

# ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਸਿੰਘ ਸਾਹਿਬ ਨੂੰ ਸੌਂਪੀ ਗਈ ਚਿੱਠੀ ਦੀ ਹੂ-ਬ-ਹੂ ਨਕਲ

ਅਤੇ ਖ਼ਾਸ ਤੌਰ 'ਤੇ ਸ. ਸੁਖਬੀਰ ਸਿੰਘ ਬਾਦਲ ਤੋਂ ਹੋਈਆਂ ਕੁਝ ਵੱਡੀਆਂ ਗ਼ਲਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ :-

1. ਸਲਾਬਤਪੁਰਾ ਵਿਖੇ 2007 ਵਿਚ ਸੱਚਾ ਸੌਦਾ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਵਲੋਂ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਛਕਾਉਣ ਦੀ ਨਕਲ ਕਰਦਿਆਂ ਉਸੇ ਤਰ੍ਹਾਂ ਦੇ ਵਸਤਰ ਧਾਰਨ ਕਰਕੇ ਅੰਮ੍ਰਿਤ ਛਕਾਉਣ ਦਾ ਸਵਾਂਗ ਰਚਿਆ ਗਿਆ। ਇਸ ਵਿਰੁੱਧ ਉਸ ਸਮੇਂ ਪੁਲਿਸ ਕੇਸ ਵੀ ਦਰਜ ਹੋਇਆ। ਪਰ ਬਾਅਦ ਵਿਚ ਇਸ ਅਵੱਗਿਆ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦੇ ਭਾਗੀ ਬਣਾਉਣ ਲਈ ਅਗਲੇਰੀ ਕਾਰਵਾਈ ਕਰਨ ਦੀ ਥਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਇਹ ਕੇਸ ਹੀ ਵਾਪਸ ਲੈ ਲਿਆ।

2. ਉਪਰੋਕਤ ਘਟਨਾਕ੍ਰਮ ਨੂੰ ਮੁੱਖ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸੰਬੰਧਿਤ ਡੇਰੇਦਾਰ ਨੂੰ ਸਿੱਖ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ ਅਤੇ ਸਿੱਖ ਪੰਥ ਨੂੰ ਉਸ ਨਾਲ ਕੋਈ ਵੀ ਸਰੋਕਾਰ ਨਾ ਰੱਖਣ ਦਾ ਬਾਕਾਇਦਾ ਹੁਕਮਨਾਮਾ ਵੀ ਜਾਰੀ ਕੀਤਾ ਗਿਆ ਸੀ। ਪਰ ਉਸ ਸਮੇਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ 'ਤੇ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਡੇਰੇਦਾਰ ਨੂੰ ਮੁਆਫ਼ ਕਰਵਾ ਦਿੱਤਾ ਜਿਸ ਸੰਬੰਧੀ ਆਪ ਜੀ ਉਸ ਸਮੇਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੀ ਨੂੰ ਬੁਲਾ ਕੇ ਸਪੱਸ਼ਟੀਕਰਨ ਲੈ ਸਕਦੇ ਹੋ ਅਤੇ ਇਸ ਨੂੰ ਸਹੀ ਠਹਿਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਖ਼ਬਾਰਾਂ ਵਿਚ ਲਗਭਗ 90 ਲੱਖ ਰੁਪਏ ਖ਼ਰਚ ਕਰਕੇ ਇਸ਼ਤਿਹਾਰਬਾਜ਼ੀ ਵੀ ਕੀਤੀ ਗਈ। ਪਰ ਸਿੱਖ ਪੰਥ ਦੇ ਰੋਹ ਤੇ ਰੋਸ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਨੂੰ ਇਸ ਫ਼ੈਸਲੇ ਤੋਂ ਪਿੱਛੇ ਹਟਣਾ ਪਿਆ।

3. 1 ਜੂਨ, 2015 ਨੂੰ ਬੁਰਜ ਜਵਾਹਰ ਸਿੰਘ ਵਾਲਾ (ਫ਼ਰੀਦਕੋਟ) ਦੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਕੁਝ ਅਨਸਰਾਂ ਵਲੋਂ ਚੋਰੀ ਕਰਕੇ ਇਸ ਦੇ 110 ਅੰਗਾਂ ਦੀ, 12 ਅਕਤੂਬਰ, 2015 ਨੂੰ ਬਰਗਾੜੀ (ਫ਼ਰੀਦਕੋਟ) ਦੇ ਗੁਰਦੁਆਰਾ ਸਾਹਿਬ ਨੇੜੇ ਜ਼ਮੀਨ 'ਤੇ ਸੁੱਟ ਕੇ ਬੇਦਅਬੀ ਕੀਤੀ ਗਈ, ਇਸ ਨਾਲ ਸਿੱਖ ਪੰਥ ਵਿਚ ਭਾਰੀ ਰੋਸ ਫੈਲ ਗਿਆ। ਪਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਅਤੇ ਉਸ ਸਮੇਂ ਦੇ ਗ੍ਰਹਿ ਮੰਤਰੀ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਇਸ ਮਾਮਲੇ ਦੀ ਨਾ ਤਾਂ ਸਮੇਂ ਸਿਰ ਸਹੀ-ਸਹੀ ਜਾਂਚ



ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਸਿੰਘ ਸਾਹਿਬ ਨੂੰ ਸੌਂਪੀ ਗਈ ਚਿੱਠੀ ਦੀ ਹੂ-ਬ-ਹੂ ਨਕਲ

ਸਮੇਂ ਉਪਰੋਕਤ ਮੁੱਦਿਆਂ ਸੰਬੰਧੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਦੀ ਗ਼ਲਤ ਪਹੁੰਚ ਨੂੰ ਰੋਕਣ ਵਿਚ ਵੀ ਅਸੀਂ ਅਸਫ਼ਲ ਰਹੇ, ਭਾਵੇਂ ਕਿ ਪਾਰਟੀ ਅੰਦਰ ਇਨ੍ਹਾਂ ਦੁੱਖਦਾਈ ਮਸਲਿਆਂ ਨੂੰ ਅਸੀਂ ਵਾਰ-ਵਾਰ ਉਠਾਉਂਦੇ ਵੀ ਰਹੇ ਸਾਂ। ਅਸੀਂ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਇਹ ਵੀ ਕਹਿੰਦੇ ਰਹੇ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹਾਜ਼ਰ ਹੋ ਕੇ ਉਪਰੋਕਤ ਗ਼ਲਤੀਆਂ ਲਈ ਗੁਰਮਤਿ ਮਰਿਆਦਾ ਅਨੁਸਾਰ ਪਸਚਾਤਾਪ ਕੀਤਾ ਜਾਏ ਅਤੇ ਸਪੱਸ਼ਟ ਰੂਪ ਵਿਚ ਮੁਆਫ਼ੀ ਮੰਗੀ ਜਾਏ, ਪਰ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਇਸ ਲਈ ਸਹਿਮਤ ਨਹੀਂ ਹੋਈ। ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਹਿੱਸਾ ਹੋਣ ਕਾਰਨ ਸਾਨੂੰ ਹੋਈਆਂ ਇਨ੍ਹਾਂ ਗ਼ਲਤੀਆਂ ਦਾ ਗ਼ਹਿਰਾ ਅਹਿਸਾਸ ਹੈ ਅਤੇ ਸਾਡੇ ਮਨਾਂ 'ਤੇ ਇਨ੍ਹਾਂ ਦਾ ਬੋਝ ਵੀ ਹੈ। ਇਸੇ ਕਰਕੇ ਸਿੱਖ ਪੰਥ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਮੁੱਚੇ ਸਿੱਖ ਪੰਥ ਤੋਂ ਮੁਆਫ਼ੀ ਮੰਗਣ ਲਈ ਅਸੀਂ ਤੁਹਾਡੇ ਕੋਲ ਹਾਜ਼ਰ ਹੋਏ ਹਾਂ ਅਤੇ ਇਸ ਪੱਤਰ ਰਾਹੀਂ ਲਿਖਤੀ ਰੂਪ ਵਿਚ ਹੋਈਆਂ ਗ਼ਲਤੀਆਂ ਲਈ ਖ਼ਿਮਾ ਜਾਚਨਾ ਕਰਦੇ ਹਾਂ। ਸਾਡੇ ਵਲੋਂ ਹੋਈਆਂ ਇਨ੍ਹਾਂ ਭੁੱਲਾਂ ਅਤੇ ਗ਼ਲਤੀਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਗੁਰਮਤਿ ਪਰੰਪਰਾ ਅਨੁਸਾਰ ਦਿੱਤੀ ਗਈ ਕੋਈ ਵੀ ਸਜ਼ਾ ਅਸੀਂ ਪੂਰੀ ਸਿਦਕਦਿਲੀ ਅਤੇ ਨਿਮਰਤਾ ਸਹਿਤ ਭੁਗਤਣ ਲਈ ਤਿਆਰ ਹਾਂ, ਤਾਂ ਜੋ ਅਸੀਂ ਆਪਣੀ ਆਤਮਾ 'ਤੇ ਪਏ ਭਾਰ ਤੋਂ ਸੁਰਖ਼ਰੂ ਹੋ ਸਕੀਏ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਨੇੜ ਭਵਿੱਖ ਵਿਚ ਆਪਣੀ ਸਾਂਝੀ ਸੋਚ ਅਤੇ ਰਾਇ ਨਾਲ ਅਸੀਂ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਕੇ ਇਸ ਨੂੰ ਪਹਿਲਾਂ ਵਾਂਗ ਬੁਲੰਦੀਆਂ 'ਤੇ ਪਹੁੰਚਾਉਣ ਲਈ ਪੂਰੀ ਨਿਮਰਤਾ ਨਾਲ ਆਪਣੀ ਵਚਨਬੱਧਤਾ ਪ੍ਰਗਟ ਕਰਦੇ ਹੋਏ ਭਵਿੱਖ ਵਿਚ ਪੰਥ ਦੀ ਸੇਵਾ ਵਿਚ ਜੁੱਟ ਜਾਈਏ।

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਸਾਹਿਬ ਕਿਰਪਾ ਕਰਨ।

ਮਿਤੀ : 01-07-2024

ਗੁਰੂ ਪੰਥ ਦੇ ਦਾਸ

# ਬਾਦਲ ਪਰਿਵਾਰ ਤੇ ਬਾਗ਼ੀ ਧੜੇ ਦਾ ਕੋਈ ਵੀ ਆਗੂ ਸ਼੍ਰੋਮਣੀ ਅਕਾਲੀ ਦਲ ਜਾਂ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ: ਟਿਵਾਣਾ



**ਨਵੀਂ ਦਿੱਲੀ, 1 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਨੇ 31 ਮਾਰਚ 1996 ਤੋਂ ਬਾਅਦ ਆਪਣੀ ਰਾਜਸੀ ਤੇ ਮਾਲੀ ਸਵਾਰਥਾਂ ਦੀ ਪੂਰਤੀ ਦਾ ਗੁਲਾਮ ਬਣਾ ਕੇ ਕੌਮ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਵਿਲੱਖਣ, ਅਣਖ ਤੇ ਗੈਰਤ ਵਾਲੀ ਪਹਿਚਾਣ ਨੂੰ ਖਤਮ ਕਰਕੇ ਬੀ.ਜੇ.ਪੀ (ਆਰ.ਐਸ.ਐਸ) ਵਰਗੀਆਂ ਸਿੱਖ ਕੌਮ ਤੇ ਪੰਜਾਬ ਵਿਰੋਧੀ ਜਮਾਤਾਂ ਦੀ ਗੁਲਾਮੀ ਨੂੰ ਪ੍ਰਵਾਨ ਕਰਕੇ ਵਿਚਰਣਾ ਸੁਰੂ ਕੀਤਾ ਤਾਂ ਉਸ ਸਮੇਂ ਤੋਂ ਹੀ ਪੰਜਾਬ ਸੂਬੇ, ਪੰਜਾਬੀਅਤ, ਪੰਜਾਬੀਆਂ ਅਤੇ ਸਿੱਖ ਕੌਮ ਨਾਲ ਵੱਡੇ ਵਿਤਕਰੇ ਤੇ ਜੁਲਮਾਂ ਦੇ ਅਮਲ ਤੇਜ਼ ਹੋ ਗਏ ਸਨ ।ਜਿਨ੍ਹਾਂ ਲੋਕਾਂ ਨੇ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਦੇ ਹੱਕ-ਹਕੂਕਾ ਦੀ ਰਾਖੀ ਕਰਨੀ ਸੀ, ਉਹ ਪੰਜਾਬ ਵਿਰੋਧੀ ਤਾਕਤਾਂ ਦੇ ਆਦੇਸ਼ਾਂ ਉਤੇ ਕੰਮ ਕਰਨ ਲੱਗੇ ।ਇਹੀ ਵਜ੍ਹਾ ਹੈ ਕਿ ਸੈਂਟਰ ਦੀਆਂ ਕਾਂਗਰਸ ਜਾਂ ਬੀ.ਜੇ.ਪੀ ਦੀਆਂ ਹਕੂਮਤਾਂ ਨਿਰੰਤਰ ਪੰਜਾਬੀਆਂ ਤੇ ਸਿੱਖ ਕੌਮ ਉਤੇ ਜ਼ਬਰ ਕਰਦੀਆਂ ਆ ਰਹੀਆਂ ਹਨ ।ਹੁਣ ਤੱਕ ਬਰਗਾੜੀ ਕਾਂਡ, ਬਹਿਬਲ ਕਤਲ ਕਾਂਡ, 328 ਪਾਵਨ ਸਰੂਪਾਂ ਦੇ ਲਾਪਤਾ ਹੋਣ, ਸਿੱਖ ਨੌਜਵਾਨੀ ਨੂੰ ਝੂਠੇ ਪੁਲਿਸ ਮੁਕਾਬਲਿਆ ਵਿਚ ਮਾਰਨ, ਜਥੇਦਾਰ ਗੁਰਦੇਵ ਸਿੰਘ ਕਾਉਂਕੇ ਕਤਲ ਕਾਂਡ, ਖਾਲੜਾ ਕਤਲ ਕਾਂਡ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਰਸੇ ਵਾਲੇ ਸਾਧ ਵੱਲੋ ਕੀਤੇ ਜਾਣ ਵਾਲੇ ਅਪਮਾਨ, ਸਿਰਸੇ ਵਾਲੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋ ਮੁਆਫ ਕਰਵਾਉਣ, ਸਿੱਖੀ ਮਰਿਯਾਦਾਵਾਂ, ਨਿਯਮਾਂ ਨੂੰ ਠੇਸ ਪਹੁੰਚਾਉਣ, ਸਮੱਗਲਰਾਂ ਅਤੇ ਨਸ਼ੀਲੀਆਂ ਵਸਤਾਂ ਦੇ ਕਾਰੋਬਾਰ ਕਰਨ ਵਾਲੇ ਸਰਗਨਿਆ ਦੀ ਸਰਪ੍ਰਸਤੀ ਕਰਨ, ਕਿਸਾਨ ਮੋਰਚੇ ਸਮੇਂ ਕਿਸਾਨੀ ਮੰਗਾਂ ਦਾ ਵਿਰੋਧ ਕਰਕੇ ਬੀ.ਜੇ.ਪੀ (ਆਰ.ਐਸ.ਐਸ) ਨੂੰ ਖੁਸ ਕਰਨ, ਸਿੱਖ ਕੌਮ ਦੀ ਪਾਰਲੀਮੈਂਟ ਦੀ ਬੀਤੇ 14 ਸਾਲਾਂ ਤੋਂ ਜਰਨਲ ਚੋਣਾਂ ਨਾ ਕਰਵਾਉਣ, ਸੈਂਟਰ ਵਿਚ ਵਜੀਰੀਆ ਤੇ ਹੋਰ ਇਵਜਾਨੇ ਪ੍ਰਾਪਤ ਕਰਨ ਵਿਚ ਬਾਦਲ ਪਰਿਵਾਰ, ਢੀਂਡਸਾ ਪਰਿਵਾਰ, ਚੰਦੂਮਾਜਰਾ ਪਰਿਵਾਰ ਆਦਿ ਮੋਹਰੀ ਬਣ ਕੇ ਉਨ੍ਹਾਂ ਦੀ ਗੁਲਾਮੀ ਨੂੰ ਪ੍ਰਵਾਨ ਕਰਦੇ ਆ ਰਹੇ ਹਨ ਅਤੇ ਖ਼ਾਲਸਾ ਪੰਥ ਦੇ ਮੀਰੀ-ਪੀਰੀ ਦੇ ਤਖ਼ਤ ਤੇ ਸਿੱਖੀ ਸਿਧਾਤਾਂ ਨੂੰ ਨਿਰੰਤਰ ਤਿਲਾਂਜਲੀ ਦਿੰਦੇ ਆ ਰਹੇ ਹਨ ।ਇਸ ਅਮਲ ਵਿਚ ਸਮੁਚਾ ਬਾਦਲ ਪਰਿਵਾਰ, ਖ਼ਾਲਸਾ ਪੰਥ ਨੂੰ ਪੂਰਨ ਰੂਪ 'ਚ ਪਿੱਠ ਹੀ ਨਹੀਂ ਦੇ ਗਿਆ, ਬਲਕਿ ਜੋ ਅੱਜ ਬਾਗੀ ਸੁਰਾਂ 'ਚ ਉੱਚੀ ਆਵਾਜ ਕੱਢ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦੇ ਵਾਰਿਸ ਬਣਨ ਲਈ ਢੌਂਗ ਕਰ ਰਹੇ ਹਨ, ਇਹ ਸਭ ਦੋਵੇ ਧਿਰਾਂ ਦੇ ਆਗੂ ਇਖਲਾਕੀ, ਸਮਾਜਿਕ, ਕੌਮੀ ਤੌਰ 'ਤੇ ਪੰਜਾਬੀਆਂ ਤੇ ਸਿੱਖ ਕੌਮ ਵਿਚ ਮਨਫੀ ਹੋ ਚੁੱਕੇ ਹਨ ।ਇਨ੍ਹਾਂ ਉਤੇ ਕੋਈ ਵੀ ਸਿੱਖ ਵਿਸ਼ਵਾਸ ਕਰਨ ਨੂੰ ਤਿਆਰ ਨਹੀਂ ।ਇਹ ਵਿਚਾਰ ਸ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੰਮੇ ਸਮੇਂ ਤੋਂ ਸਿੱਖ ਸਿਆਸਤ ਤੇ ਕਾਬਜ ਹੋਏ ਬਾਦਲ ਪਰਿਵਾਰ ਤੇ ਉਨ੍ਹਾਂ ਦੇ ਮੌਜੂਦਾ ਬਾਗੀ ਮੀਟਿੰਗਾਂ ਕਰਨ ਵਾਲੇ ਆਪਣੇ ਆਪ ਨੂੰ ਪੰਥਪ੍ਰਸਤ ਤੇ ਪੰਜਾਬ ਪ੍ਰਸਤ ਅਖਵਾਉਣ ਦੀਆਂ ਅਸਫਲ ਕੋਸਿਸਾਂ ਕਰਨ ਵਾਲਿਆਂ ਵੱਲੋ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਕੌਮ ਦੀ ਅਗਵਾਈ ਕਰਨ ਦੇ ਬਿਲਕੁਲ ਵੀ ਸਮਰੱਥ ਨਾ ਹੋਣ ਅਤੇ ਇਨ੍ਹਾਂ ਵਿਚੋ ਕਿਸੇ ਨੂੰ ਵੀ ਕੌਮ ਦੇ ਆਗੂ ਪ੍ਰਵਾਨ ਨਾ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ ।ਇਥੋ ਤੱਕ ਕਿ ਇਨ੍ਹਾਂ ਵੱਲੋ ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਦੀ ਲੁੱਟ ਖਸੁੱਟ ਕਰਨ ਵਾਲੇ ਸੈਂਟਰ ਦੇ ਹੁਕਮਰਾਨਾਂ ਅਤੇ ਸਿੱਖਾਂ ਤੇ ਪੰਜਾਬੀਆਂ ਤੇ ਜ਼ਬਰ ਢਾਹੁਣ ਵਾਲਿਆ ਦਾ ਡੱਟਕੇ ਸਾਥ ਦਿੱਤਾ ਜਾਂਦਾ ਰਿਹਾ ।ਜਿਵੇ ਪੰਜਾਬ ਦੀ ਐਸ.ਵਾਈ.ਐਲ ਨਹਿਰ ਕੱਢਣ ਲਈ, ਪੰਜਾਬ ਦੇ ਕੀਮਤੀ ਪਾਣੀਆ, ਹੈੱਡਵਰਕਸਾਂ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਉਤੇ ਆਪਣੇ ਸੂਬੇ ਦੇ ਹੱਕ ਲਈ ਪੰਜਾਬੀ ਬੋਲਦੇ ਇਲਾਕਿਆ ਨੂੰ ਪੰਜਾਬ ਤੋ ਬਾਹਰ ਕੱਢਣ ਆਦਿ ਗੰਭੀਰ ਮਸਲਿਆ ਨੂੰ ਖੜ੍ਹਾ ਕਰਨ ਲਈ ਸਮੁੱਚਾ ਬਾਦਲ ਪਰਿਵਾਰ ਅਤੇ ਅਜੋਕੇ ਸਭ ਬਾਗੀ ਸਿੱਧੇ ਤੌਰ 'ਤੇ ਜਿੰਮੇਵਾਰ ਹਨ ।ਉਨ੍ਹਾਂ ਕਿਹਾ ਕਿ ਸ. ਪ੍ਰੇਮ ਸਿੰਘ ਚੰਦੂਮਾਜਰੇ ਵਰਗੇ ਕਾਮਰੇਡ ਆਗੂਆਂ ਦੇ ਇਹ ਬਿਆਨ ਆਉਦੇ ਰਹੇ ਹਨ ਕਿ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਨੂੰ ਪੂਰ ਕੇ ਉਥੇ ਝੋਨਾ ਬੀਜ ਦੇਣਾ ਚਾਹੀਦਾ ਹੈ, ਫਿਰ ਸਿਰਸੇ ਵਾਲੇ ਸਾਧ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਲਈ ਦਿੱਤੀ ਜਾਣ ਵਾਲੀ ਸੁਨਹਿਰੀ ਪੁਸਾਕ ਸ. ਚੰਦੂਮਾਜਰਾ ਖੁਦ ਦੇ ਕੇ ਆਏ ਸਨ ਤੇ ਜਦੋ ਬਾਦਲ ਪਰਿਵਾਰ ਵੱਲੋ ਸਿਰਸੇ ਵਾਲੇ ਸਾਧ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋ ਕਰਕੇ ਮੁਆਫ ਕਰਵਾਇਆ ਗਿਆ ਤਾਂ ਸਭ ਤੋ ਪਹਿਲੇ ਸ. ਚੰਦੂਮਾਜਰੇ ਨੇ ਹੀ ਇਸ ਦਾ ਜੋਰਦਾਰ ਸਵਾਗਤ ਕੀਤਾ ਸੀ ।ਉਨਹਾਂ ਕਿਹਾ ਕਿ ਜਦੋਂ ਸ਼੍ਰੀ ਦਰਬਾਰ ਸਾਹਿਬ 'ਤੇ ਬਲਿਊ ਸਟਾਰ ਦਾ ਫ਼ੌਜੀ ਹਮਲਾ ਹੋਇਆ ਤਾਂ ਇਹ ਸਭ ਬਾਦਲ ਪਰਿਵਾਰ ਤੇ ਅਜੋਕੇ ਬਾਗੀ ਆਗੂ ਭਾਵੇਂ ਉਹ ਸ. ਢੀਂਡਸਾ ਹੋਣ, ਭਾਵੇ ਚੰਦੂਮਾਜਰਾ, ਭਾਵੇ ਸ. ਮਲੂਕਾ ਆਦਿ ਫ਼ੌਜੀ ਹਮਲੇ ਲਈ ਹਾਮੀ ਭਰਨ ਦੀ ਗੱਲ ਵਿਚ ਇਹ ਸਭ ਸਾਮਿਲ ਸਨ ।ਸਿੱਖ ਨੌਜਵਾਨੀ ਦਾ ਝੂਠੇ ਮੁਕਾਬਲਿਆ ਵਿਚ ਘਾਣ ਕਰਵਾਉਣ, ਕਾਤਲ ਪੁਲਿਸ ਅਫਸਰਾਂ ਨੂੰ ਤਰੱਕੀਆਂ ਦਿਵਾਉਣ ਤੇ ਸਰਪ੍ਰਸਤੀ ਕਰਨ ਵਿਚ ਸ. ਬਾਦਲ ਅਤੇ ਇਹ ਸਭ ਆਗੂ ਸਹਿਯੋਗ ਕਰਨ ਵਾਲਿਆ ਵਿਚੋ ਸਨ ।ਫਿਰ ਬਾਦਲ ਪਰਿਵਾਰ ਜਾਂ ਅਜੋਕੇ ਬਾਗੀ ਸੁਰਾਂ ਵਾਲੀ ਦਿਸ਼ਾਹੀਣ, ਦਾਗੀ ਲੀਡਰਸ਼ਿਪ ਨੂੰ ਸਿੱਖ ਕੌਮ ਕਿਵੇ ਮੁਆਫ਼ ਕਰ ਸਕਦੀ ਹੈ ? ਉਨ੍ਹਾਂ ਨੇ ਕਿਹਾ ਕਿ ਉਪਰੋਕਤ ਸਮੁੱਚੀ ਲੀਡਰਸਿਪ ਜਿਸ ਨੂੰ ਸਿੱਖ ਕੌਮ ਮਨ ਆਤਮਾ ਤੋਂ ਵੀ ਅਤੇ ਜਮਹੂਰੀਅਤ ਢੰਗ ਨਾਲ ਵੋਟਾਂ ਰਾਹੀ ਇਨ੍ਹਾਂ ਦੀਆਂ ਜਮਾਨਤਾਂ ਜ਼ਬਰ ਕਰਵਾਕੇ ਪੂਰਨ ਰੂਪ ਵਿਚ ਨਕਾਰ ਚੁੱਕੀ ਹੈ ।ਇਹੀ ਵਜ੍ਹਾ ਹੈ ਕਿ ਆਪੋ ਆਪਣੇ ਦਾਗੀ ਚੇਹਰਿਆ ਨੂੰ ਲੁਕਾਉਣ ਤੇ ਛੁਪਾਉਣ ਲਈ ਇਹ ਲੋਕ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਰਗੀ ਸਖਸ਼ੀਅਤ ਦੀ ਦੁਰਵਰਤੋ ਕਰਨ ਲਈ ਤਰਲੋ ਮੱਛੀ ਹੋ ਰਹੇ ਹਨ ਕਿਉਂਕਿ ਇਨ੍ਹਾਂ ਸਭ ਕੌਮ ਵੱਲੋ ਦੁਰਕਾਰੇ ਜਾ ਚੁੱਕੇ ਇਨ੍ਹਾਂ ਦਾਗੀ ਆਗੂਆਂ ਨੂੰ ਜਾਣਕਾਰੀ ਹੈ ਕਿ ਕੌਮ ਨੇ ਸਾਨੂੰ ਹੁਣ ਆਗੂ ਪ੍ਰਵਾਨ ਨਹੀਂ ਕਰਨਾ ? ਇਸ ਲਈ ਸ. ਸੁਖਬੀਰ ਸਿੰਘ ਬਾਦਲ ਅਤੇ ਇਨ੍ਹਾਂ ਬਾਗੀ ਹੋਏ ਆਗੂਆਂ ਲਈ ਇਹ ਇਕ ਮੌਕਾ ਹੈ ਕਿ ਬੀਤੇ ਸਮੇਂ ਵਿਚ ਇਨ੍ਹਾਂ ਤੋ ਹੋਈਆ ਬਜਰ ਗੁਸਤਾਖੀਆਂ ਲਈ ਪੂਰੀ ਇਮਾਨਦਾਰੀ ਤੇ ਸੁਹਿਰਦਤਾ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਸੰਸਥਾਂ ਦੇ ਸਨਮੁੱਖ ਪੇਸ਼ ਹੋ ਕੇ ਆਪਣੀਆ ਗਲਤੀਆ ਨੂੰ ਜਨਤਕ ਤੌਰ 'ਤੇ ਪ੍ਰਵਾਨ ਕਰਦੇ ਹੋਏ ਭੁੱਲਾ ਬਖਸਾਉਣ ਤੇ ਆਪਣੀ ਰਹਿੰਦੀ ਜਿੰਦਗੀ ਦੇ ਬਾਕੀ ਸਵਾਸਾਂ ਨੂੰ ਖ਼ਾਲਸਾ ਪੰਥ, ਪੰਜਾਬ ਸੂਬੇ, ਪੰਜਾਬੀਆਂ ਤੇ ਸ਼੍ਰੋਮਣੀ ਅਕਾਲੀ ਦਲ ਦੀ 1920 ਵਿਚ ਹੋਂਦ ਵਿਚ ਆਈ ਕੌਮੀ ਜਥੇਬੰਦੀ ਨੂੰ ਖਾਲਸਾ ਪੰਥ ਦੀਆਂ ਸੁਹਿਰਦ ਸਖਸ਼ੀਅਤਾਂ ਜਿਨ੍ਹਾਂ ਵਿਚ ਸ. ਸਿਮਰਨਜੀਤ ਸਿੰਘ ਮਾਨ, ਨਵੀ ਉੱਭਰੀ ਨੌਜਵਾਨੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਮੁੱਚੇ ਹੋਰ ਪੰਥਕ ਸਖਸ਼ੀਅਤਾਂ ਦੀ ਸਮੂਹਿਕ ਸਾਂਝੀ ਰਾਏ ਅਨੁਸਾਰ ਖ਼ਾਲਸਾ ਪੰਥ ਨੂੰ ਫਿਰ ਆਪਣੀ ਵਿਰਸੇ ਵਿਰਾਸਤ ਵਾਲੀ ਲੀਹ ਤੇ ਤੋਰਦੇ ਹੋਏ 'ਆਜਾਦ ਬਾਦਸਾਹੀ ਸਿੱਖ ਰਾਜ (ਖਾਲਿਸਤਾਨ)' ਨੂੰ ਅਮਲੀ ਤੇ ਕਾਨੂੰਨੀ ਰੂਪ ਵਿਚ ਦੁਨੀਆਂ ਦੇ ਨਕਸੇ ਤੇ ਕਾਇਮ ਕਰਨ ਲਈ ਆਤਮਿਕ ਤੌਰ 'ਤੇ ਯੋਗਦਾਨ ਪਾਉਣ।

ਅਜਿਹਾ ਅਮਲ ਕਰਕੇ ਹੀ ਬਾਦਲ ਪਰਿਵਾਰ, ਬਾਗੀ ਨਕਾਰੇ ਹੋਏ ਆਗੂ ਆਪਣੇ ਬਚਦੇ ਸਵਾਸਾਂ ਨੂੰ ਸਹੀ ਦਿਸ਼ਾ ਵੱਲ ਲਗਾ ਕੇ ਆਪਣੀਆ ਹੋਈਆ ਗਲਤੀਆਂ ਦਾ ਪਸਚਾਤਾਪ ਕਰਦੇ ਹੋਏ, ਮੰਝਧਾਰ ਵਿਚ ਡਿੱਕ ਡੋਲੇ ਖਾਦੀ ਬੇੜੀ ਨੂੰ ਕਿਨਾਰੇ ਤੇ ਲਗਾਉਣ ਲਈ ਜਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਦਿੱਲੀ ਤਖ਼ਤ ਦੇ ਗੁਲਾਮ ਬਣਨ ਦੀ ਬਜਾਇ ਅਤੇ ਆਪਣੇ ਮਹਾਨ ਸ੍ਰੀ ਅਕਾਲ ਤਖ਼ਤ ਵੱਲ ਆਪਣਾ ਮੂੰਹ ਤੇ ਆਤਮਾ ਕਰਕੇ ਕੌਮੀ ਮਿਸਨ ਦੀ ਪ੍ਰਾਪਤੀ ਲਈ ਇਮਾਨਦਾਰੀ ਨਾਲ ਸਹਿਯੋਗ ਕਰਨ, ਫਿਰ ਹੀ ਇਨ੍ਹਾਂ ਦੀਆਂ ਦਾਗੋ ਦਾਗ ਹੋਈਆਂ ਮੁਲੀਨ ਆਤਮਾਵਾਂ ਉਸ ਅਕਾਲ ਪੁਰਖ ਦੀ ਕਚਹਿਰੀ ਵਿਚ ਪੇਸ ਹੋਣ ਦੇ ਕਾਬਲ ਹੋ ਸਕਣਗੀਆਂ ਅਤੇ ਇਸ ਦੁਨਿਆਵੀ ਤੇ ਅਗਲੀ ਕਚਹਿਰੀ ਵਿਚ ਸੁਰਖਰ ਹੋ ਸਕਣਗੀਆਂ ।

# ਘਰ ਬੈਠੇ ਹੀ 4362 ਲੋਕਾਂ ਨੇ 5423 ਸੇਵਾਵਾਂ ਦਾ ਲਿਆ ਲਾਭ: ਡਿਪਟੀ ਕਮਿਸ਼ਨਰ

## 1076 ਨੰਬਰ 'ਤੇ ਕਾਲ ਕਰਕੇ 43 ਸਰਕਾਰੀ ਸੇਵਾਵਾਂ ਦਾ ਮਿਲੇਗਾ ਲਾਭ • ਆਨਲਾਈਨ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਰਾਜ ਭਰ ਵਿਚੋਂ ਅੰਮ੍ਰਿਤਸਰ ਜਿਲ੍ਹਾ ਪਹਿਲੇ ਨੰਬਰ ਤੇ ਕਾਇਮ



**ਅੰਮ੍ਰਿਤਸਰ, 1 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਉਹਨਾਂ ਦੇ ਘਰਾਂ ਦੀਆਂ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦੀ ਪੂਰੇ ਪੰਜਾਬ ਵਿੱਚ ਜੋ ਸ਼ੁਰੂਆਤ ਕੀਤੀ ਗਈ ਸੀ, ਉਸ ਤਹਿਤ ਜਿਲ੍ਹਾ ਅੰਮ੍ਰਿਤਸਰ ਵਿੱਚ 4362 ਲੋਕਾਂ ਨੇ 5423 ਸੇਵਾਵਾਂ ਦਾ ਘਰ ਬੈਠੇ ਹੀ ਲਾਭ ਲਿਆ ਹੈ ਅਤੇ ਹੁਣ ਤੱਕ 5241 ਲੋਕਾਂ ਨੂੰ ਇਹ ਸੇਵਾ ਮੁਹੱਈਆ ਕਰਵਾਈ ਜਾ ਚੁੱਕੀ ਹੈ ਅਤੇ ਬਾਕੀ ਰਹਿੰਦੇ ਲੋਕਾਂ ਨੂੰ ਵੀ ਨਿਸਚਿਤ ਸਮੇਂ ਦੇ ਅੰਦਰ ਅੰਦਰ ਹੀ ਇਹ ਸੁਵਿਧਾ ਮੁਹੱਈਆ ਕਰਵਾ ਦਿੱਤੀ ਜਾਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਘਨਸ਼ਾਮ ਥੋਰੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਲੋਕ ਹੁਣ 43 ਪ੍ਰਕਾਰ ਦੀਆਂ ਸੇਵਾਵਾਂ ਘਰ ਬੈਠੇ ਪ੍ਰਾਪਤ ਕਰ ਸਕਦੇ ਹਨ, ਜਿਸਦੇ ਲਈ ਲੋਕਾਂ ਨੂੰ ਆਪਣੇ ਘਰ ਤੋਂ ਹੀ ਫੋਨ ਨੰਬਰ 1076 'ਤੇ ਕਾਲ ਕਰਨੀ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਕਾਲ ਕਰਨ ਤੋਂ ਉਪਰੰਤ ਉਹ ਸਰਕਾਰੀ ਨੁਮਾਇੰਦੇ ਨੂੰ ਦੱਸ ਸਕਦੇ ਹਨ ਕਿ ਉਹ ਕਿਸ ਵੇਲੇ ਉਹਨਾਂ ਦੇ ਘਰ ਆ ਕੇ ਉਹਨਾਂ ਦੇ ਫੋਟੋ ਜਾਂ ਹੋਰ ਦਸਤਾਵੇਜ਼ ਲਿਜਾ ਕੇ ਉਹਨਾਂ ਨੂੰ ਸਰਕਾਰੀ ਸੇਵਾ ਦਾ ਲਾਭ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਸੇਵਾ ਤਹਿਤ ਜੋ ਵੀ ਸਰਟੀਫਿਕੇਟ ਬਣੇਗਾ ਉਹ ਵੀ ਵਿਅਕਤੀ ਨੂੰ ਉਸਦੇ ਘਰ ਹੀ ਸਰਕਾਰੀ ਨੁਮਾਇੰਦਾ ਦੇ ਕੇ ਜਾਵੇਗਾ। ਉਨਾਂ ਨੇ ਦੱਸਿਆ ਕਿ ਇਸ ਸੇਵਾ ਦੇ ਸ਼ੁਰੂ ਹੋਣ ਨਾਲ ਜ਼ਿਲ੍ਹੇ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੀ ਹੈ ਅਤੇ ਉਹਨਾਂ ਨੂੰ ਸਰਕਾਰੀ ਸੇਵਾਵਾਂ ਲੈਣ ਲਈ ਸੇਵਾ ਕੇਂਦਰ ਜਾਂ ਹੋਰ ਦਫਤਰਾਂ ਤੱਕ ਨਹੀਂ ਜਾਣਾ ਪਵੇਗਾ। ਉਨ੍ਹਾਂ ਕਿਹਾ ਜਿੱਥੇ ਇਹ ਯੋਜਨਾ ਸਰਕਾਰੀ ਦਫਤਰਾਂ ਵਿੱਚ ਭੀੜ ਘੱਟ ਕਰਨ ਲਈ ਲਾਹੇਵੰਦ ਹੋਵੇਗੀ, ਉਥੇ ਲੋਕਾਂ ਨੂੰ ਘਰ ਬੈਠੇ ਹੀ ਸਰਕਾਰੀ ਸਹੂਲਤਾਂ ਮਿਲ ਸਕਣਗੀਆਂ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਇਹਨਾਂ ਸੇਵਾਵਾਂ ਦਾ ਲਾਭ ਲੈਣ। ਸ੍ਰੀ ਥੋਰੀ ਨੇ ਦੱਸਿਆ ਕਿ ਅੰਮ੍ਰਿਤਸਰ ਜਿਲ੍ਹਾ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾ ਕੇ ਰਾਜ ਵਿਚੋਂ ਪਹਿਲੇ ਨੰਬਰ ਤੇ ਕਾਇਮ ਹੈ।ਉਨਾਂ ਦੱਸਿਆ ਕਿ ਹੁਣ ਤੱਕ 431553 ਦੇ ਕਰੀਬ ਲੋਕਾ ਵਲੋਂ ਸੇਵਾਵਾਂ ਲੈਣ ਲਈ ਸੇਵਾ ਕੇਂਦਰ ਤੱਕ ਪਹੁੰਚ ਕੀਤੀ ਗਈ ਹੈ। ਜਿਨਾਂ ਵਿਚੋਂ 407562 ਲੋਕਾਂ ਨੂੰ ਸਮੇਂ ਸਿਰ ਉਨਾਂ ਦੀਆਂ ਸੇਵਾਵਾਂ ਦੇ ਦਿੱਤੀਆਂ ਗਈਆਂ ਹਨ। ਇਸ ਸਬੰਧੀ ਜਿਲ੍ਹਾਂ ਪ੍ਰਸ਼ਾਸ਼ਿਨਕ ਸੁਧਾਰ ਸ਼ਾਖਾ ਦੇ ਤਕਨੀਕੀ ਕੁਆਰਡੀਨੇਟਰ ਸ: ਪ੍ਰਿੰਸ ਸਿੰਘ ਨੇ ਦੱਸਿਆ ਕਿ ਜਿਲ੍ਹੇ ਵਿੱਚ 41 ਸੇਵਾ ਕੇਂਦਰ ਕੰਮ ਕਰ ਰਹੇ ਹਨ ਅਤੇ ਇਨਾਂ ਸੇਵਾ ਕੇਂਦਰਾਂ ਵਿੱਚ ਵੱਖ-ਵੱਖ ਮਹਿਕਮੇ ਦੀਆਂ 425 ਸੇਵਾਵਾਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ। ਉਨਾਂ ਦੱਸਿਆ ਕਿ 43 ਡੋਰ-ਟੂ-ਡੋਰ ਸੇਵਾਵਾਂ ਜਿਨਾਂ ਵਿੱਚ ਜਨਮ/ਐਨ.ਏ.ਸੀ. ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਮ ਜੋੜਨਾ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਮੌਤ/ਐਨ.ਏ.ਸੀ. ਸਰਟੀਫਿਕੇਟ ਜਾਰੀ ਕਰਨਾ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਦੇ ਸਰਟੀਫਿਕੇਟ (ਸਿਹਤ) ਵਿੱਚ ਸੋਧ, ਆਮਦਨ ਦਾ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨਾ, ਮਾਲ ਰਿਕਾਰਡ ਦੀ ਜਾਂਚ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ (ਨਕਲ ਪ੍ਰਦਾਨ ਕਰਨਾ), ਭਾਰ-ਮੁਕਤ ਸਰਟੀਫਿਕੇਟ, ਗਿਰਵੀਨਾਮੇ ਦੀ ਇਕੁਇਟੀ ਐਂਟਰੀ, ਫਰਦ ਤਿਆਰ ਕਰਨ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਮੁਆਵਜ਼ੇ ਸਬੰਧੀ ਬਾਂਡ, ਬਾਰਡਰ ਏਰੀਏ ਸਬੰਧੀ ਸਰਟੀਫਿਕੇਟ, ਬੈਕਵਰਡ ਏਰੀਆ ਸਰਟੀਫਿਕੇਟ, ਜ਼ਮੀਨ ਦੀ ਹੱਦਬੰਦੀ, ਐਨ.ਆਰ.ਆਈ. ਦੇ ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਪੁਲਿਸ ਕਲੀਅਰੈਂਸ ਸਰਟੀਫਿਕੇਟ ਅਤੇ ਕੰਢੀ ਖੇਤਰ ਸਰਟੀਫਿਕੇਟ (ਮਾਲ) ਦੇ ਕਾਊਂਟਰ ਸਾਈਨ, ਲਾਭਪਾਤਰੀਆਂ ਦੇ ਬੱਚਿਆਂ ਨੂੰ ਵਜ਼ੀਫ਼ਾ, ਉਸਾਰੀ ਕਾਮੇ ਦੀ ਰਜਿਸਟਰੇਸ਼ਨ ਅਤੇ ਉਸਾਰੀ ਮਜ਼ਦੂਰ (ਲੇਬਰ) ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ (ਪ੍ਰਸੋਨਲ), ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ.ਸੀ. ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਛੜੀ ਸ਼੍ਰੇਣੀਆਂ ਸਬੰਧੀ ਸਰਟੀਫਿਕੇਟ (ਓ.ਬੀ.ਸੀ.), ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ (ਈ.ਡਬਲਿਊ.ਐਸ.) ਅਤੇ ਸ਼ਗਨ ਸਕੀਮ (ਕੇਸ ਨੂੰ ਮਨਜ਼ੂਰੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾ/ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਅਪਾਹਜ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ ਯੀ.ਡੀ.ਆਈ.ਡੀ. ਕਾਰਡ ਲਈ ਅਰਜ਼ੀ ਅਤੇ ਨਿਰਭਰ ਬੱਚਿਆਂ ਲਈ ਪੈਨਸ਼ਨ (ਸਮਾਜਿਕ ਸੁਰੱਖਿਆ), ਬਿਜਲੀ ਦੇ ਬਿੱਲ ਦਾ ਭੁਗਤਾਨ (ਪਾਵਰ), ਵਿਆਹ ਦੀ ਰਜਿਸਟਰੇਸ਼ਨ (ਲਾਜ਼ਮੀ), ਵਿਆਹ (ਆਨੰਦ) (ਘਰ) ਦੀ ਰਜਿਸਟਰੇਸ਼ਨ ਅਤੇ ਪੇਂਡੂ ਖੇਤਰ ਦਾ ਸਰਟੀਫਿਕੇਟ (ਪੇਂਡੂ) ਸ਼ਾਮਲ ਹਨ।

# ਸਕੂਲ ਵਿਚ ਕਰਵਾਇਆ ਅੰਤਰਰਾਸ਼ਟਰੀ ਡਾਕਟਰ ਦਿਵਸ



**ਫ਼ਿਰੋਜ਼ਪੁਰ, 1 ਜੁਲਾਈ (ਮਨੋਹਰ ਲਾਲ)** :— ਮੋਗਾ ਰੋਡ ਫ਼ਿਰੋਜ਼ਪੁਰ ਵਿਖੇ ਟੀ.ਬੀ.ਐਮ ਇੰਟਰਨੈਸ਼ਨਲ ਸਕੂਲ ਵਿਖੇ ਅੰਤਰਰਾਸ਼ਟਰੀ ਡਾਕਟਰ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਦੰਦਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ, ਜਿਸ ਵਿੱਚ ਸਿੱਖਿਅਤ ਡਾਕਟਰਾਂ ਨੇ ਸਕੂਲੀ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲ ਸਟਾਫ਼ ਦੇ ਦੰਦਾਂ ਦੀ ਮੁਫ਼ਤ ਜਾਂਚ ਕੀਤੀ। ਇਸ ਤੋਂ ਇਲਾਵਾ ਦੰਦਾਂ ਦੀ ਸਮੱਸਿਆ ਪਾਏ ਗਏ ਵਿਅਕਤੀਆਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਸਕੂਲ ਦੀ ਪ੍ਰਿੰਸੀਪਲ ਰੇਖਾ ਪਾਸੀ ਨੇ ਦੱਸਿਆ ਕਿ ਸਕੂਲ ਵਿੱਚ ਦੰਦਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ, ਜਿਸ ਵਿੱਚ ਜੈਨੇਸਿਸ ਡੈਂਟਲ ਕਾਲਜ ਤੋਂ ਡਾ: ਸੁਕੀਰਤ ਕੌਰ ਅਤੇ ਡਾ: ਸਾਹਿਲ ਨੇ ਸਕੂਲ ਦੀਆਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ। ਇਸ ਦੌਰਾਨ ਸਕੂਲ ਦੇ ਜਨਰਲ ਸਕੱਤਰ ਸ਼ਿਵਮ ਸ਼ਰਮਾ ਨੇ ਅੱਜ ਅੰਤਰਰਾਸ਼ਟਰੀ ਡਾਕਟਰ ਦਿਵਸ ਮੌਕੇ ਸਮੂਹ ਡਾਕਟਰਾਂ ਨੂੰ ਵਧਾਈ ਦਿੱਤੀ ਦਿੱਤੀ। ਇਸ ਮੌਕੇ ਪੀ.ਆਰ.ਓ ਰਣਜੀਤ ਸਿੰਘ, ਮਨਜੀਤ ਸਿੰਘ ਆਦਿ ਸਕੂਲ ਸਟਾਫ਼ ਹਾਜ਼ਰ ਸੀ।

# ਫ਼ਿਰੋਜ਼ਪੁਰ ਲੰਗਰ ਸੇਵਾ ਫਾਊਂਡੇਸ਼ਨ ਵੱਲੋਂ ਹਰ ਰੋਜ਼ ਦੋਨੋਂ ਟਾਈਮ ਵੰਡਿਆ ਜਾਂਦਾ ਏ ਲੰਗਰ—ਇਲਾਕਾ ਨਿਵਾਸੀ ਕਰਦੇ ਨੇ ਪ੍ਰਸੰਸਾ




**ਫ਼ਿਰੋਜ਼ਪੁਰ, 1 ਜੁਲਾਈ (ਮਨੋਹਰ ਲਾਲ)** :— ਫ਼ਿਰੋਜ਼ਪੁਰ ਲੰਗਰ ਸੇਵਾ ਫਾਊਂਡੇਸ਼ਨ ਵੱਲੋਂ ਹਰ ਰੋਜ਼ ਦੋਨੋਂ ਟਾਈਮ ਲੰਗਰ ਵੰਡਿਆ ਜਾਂਦਾ ਹੈ, ਜਿਸ ਦੀ ਹਰ ਪਾਸਿਓ ਸ਼ਲਾਘਾ ਹੋ ਰਹੀ ਹੈ। ਇਹ ਲੰਗਰ ਸੇਵਾ ਲੰਮੇ ਅਰਸੇ ਤੋਂ ਚੱਲ ਰਹੀ ਹੈ, ਇਹ ਲੰਗਰ ਵਰਤਾਉਣ ਦੀ ਸੇਵਾ ਸ੍ਰੀ ਰਵਿੰਦਰ ਬੱਬਲਾ ਪ੍ਰਧਾਨ, ਰਜਿੰਦਰ ਓਬਰਾਏ, ਸੁਰਿੰਦਰ ਕੁਮਾਰ, ਸੁਨੀਲ ਕੁਮਾਰ, ਰਜਿੰਦਰ ਓਬਰਾਏ, ਕਮਲ ਚਾਵਲਾ, ਸ੍ਰੀਮਤੀ ਸੁਦੇਸ਼, ਪੀ.ਸੀ ਕੁਮਾਰ, ਉਮ ਚਾਨਣਾ, ਪਵਨ ਗੁਪਤਾ, ਐਨ.ਕੇ ਛਾਬੜਾ, ਅਸ਼ੋਕ ਪੁਰੀ ਤੋਂ ਇਲਾਵਾ ਹੋਰ ਵੀ ਬਹੁਤ ਮੈਂਬਰ ਹਾਜ਼ਰ ਸਨ। ਇਹ ਲੰਗਰ ਸੇਵਾ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਚ ਸਵੇਰੇ ਅਤੇ ਸ਼ਾਮ ਦੋਨੋਂ ਟਾਈਮ ਲਗਾਇਆ ਜਾਂਦਾ ਹੈ, ਜਦੋਂ ਕਿ ਸ਼ਾਮ ਨੂੰ ਦਿੱਲੀ ਗੇਟ ਤੋਂ ਇਲਾਵਾ ਮਖੂ ਗੇਟ ਸਮੇਤ ਫ਼ਿਰੋਜ਼ਪੁਰ ਛਾਉਣੀ ਵਿਖੇ ਵੀ ਲੰਗਰ ਵਰਤਾਇਆ ਜਾਂਦਾ ਹੈ।

# ਸੀਨੀਅਰ ਸਿਟੀਜਨ ਕੌਂਸਲ ਪ੍ਰਧਾਨ ਪੀ.ਡੀ. ਸ਼ਰਮਾ ਐਡਵੋਕੇਟ ਨੇ ਆਪਣੇ ਨਿਵਾਸ ਵਿਖੇ ਸੁੰਦਰ ਕਾਂਡ ਦਾ ਕਰਵਾਇਆ ਪਾਠ

**ਫ਼ਿਰੋਜ਼ਪੁਰ, 1 ਜੁਲਾਈ (ਮਨੋਹਰ ਲਾਲ)** :— ਸੀਨੀਅਰ ਸਿਟੀਜਨ ਦੇ ਪ੍ਰਧਾਨ ਪੀ.ਡੀ ਸ਼ਰਮਾ ਐਡਵੋਕੇਟ ਨੇ ਆਪਣੇ ਨਿਵਾਸ ਅਸਥਾਨ 32 ਭਗਤ ਸਿੰਘ ਕਲੋਨੀ, ਫ਼ਿਰੋਜ਼ਪੁਰ ਸ਼ਹਿਰ ਵਿਖੇ ਸੁੰਦਰ ਕਾਂਡ ਦਾ ਪਾਠ ਕਰਵਾਇਆ।ਇਸ ਮੌਕੇ ਤੇ ਸੀਨੀਅਰ ਸਿਟੀਜਨ ਕੌਂਸਲ ਦੇ ਮੈਂਬਰ ਭਾਰੀ ਗਿਣਤੀ ਵਿਚ ਹਾਜ਼ਰ ਸਨ। ਇਸ ਤੋਂ ਇਲਾਵਾ ਚੰਡੀਗੜ੍ਹ, ਪੰਜਾਬ ਜਰਨਲਿਸਟ ਦੇ ਮੈਂਬਰਾਂ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਹਾਜ਼ਰ ਹੋਏ ਅਤੇ ਸੁੰਦਰ ਕਾਂਡ ਦਾ ਪਾਠ ਕੀਤਾ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਬੀਬੀਆਂ ਵੀ ਸੁੰਦਰ ਕਾਂਡ ਦੇ ਪਾਠ ਵਿਚ ਹਿੱਸਾ ਲਿਆ। ਇਸ ਮੌਕੇ ਤੇ ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰਧਾਨ ਪੀ.ਡੀ ਸ਼ਰਮਾ ਐਡਵੋਕੇਟ ਨੇ ਬੋਲਦਿਆਂ ਸਭ ਤੋਂ ਪਹਿਲਾਂ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਕਿਹਾ ਕਿ ਸੁੰਦਰ ਕਾਂਡ ਦਾ ਪਾਠ ਕਰਨ ਨਾਲ ਘਰ ਵਿਚ ਸੁੱਖ ਸ਼ਾਂਤੀ ਬਣੀ ਰਹਿੰਦੀ ਹੈ, ਸਾਨੂੰ ਆਪਣੇ ਘਰਾਂ ਵਿਚ ਵੱਧ ਤੋਂ ਵੱਧ ਸੁੰਦਰ ਕਾਂਡ ਦਾ ਪਾਠ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਤੇ ਲੱਡੂਆਂ ਦਾ ਪ੍ਰਸ਼ਾਦ, ਚਾਹ, ਠੰਡੇ ਦੇ ਲੰਗਰ ਵੀ ਲਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243